# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 20.04.2018 ਨੂੰ ਦੁਪਹਿਰ 3.00 ਵਜੇ

ਅੱਜ ਮਿਤੀ 20.04.2018 ਨੂੰ ਦੁਪਹਿਰ 3.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਮਲਕੀਤ ਸਿੰਘ | 2 | ਕੌਂਸਲਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਜਸਵੀਰ ਕੋਰ | 4 | ਕੌਂਸਲਰ |
| 4 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 5 | ਸ਼ੈਰੀ ਗੋਇਲ | 6 | ਕੌਂਸਲਰ |
| 6 | ਹਰਪਾਲ ਸਿੰਘ | 7 | ਕੌਂਸਲਰ |
| 7 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 8 | ਬਲਜੀਤ ਸਿੰਘ ਸਰਾਂ | 9 | ਕੌਂਸਲਰ |
| 9 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 10 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 11 | ਰਾਜਪ੍ਰੀਤ ਕੋਰ ਬਰਾੜ | 14 | ਕੌਂਸਲਰ |
| 12 | ਬਲਜੀਤ ਸਿੰਘ ਬੀੜ ਬਹਿਮਣ | 15 | ਕੌਂਸਲਰ |
| 13 | ਹਰਮਿੰਦਰ ਸਿੰਘ | 17 | ਕੌਂਸਲਰ |
| 14 | ਰਾਜਾ ਸਿੰਘ | 18 | ਕੌਂਸਲਰ |
| 15 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 16 | ਦਰਸ਼ਨ ਕੁਮਾਰ | 20 | ਕੌਂਸਲਰ |
| 17 | ਸੁਖਮਿੰਦਰ ਸਿੰਘ | 22 | ਕੌਂਸਲਰ |
| 18 | ਕਮਲੇਸ਼ ਰਾਣੀ | 23 | ਕੌਂਸਲਰ |
| 19 | ਦਰਸ਼ਨਾ ਰਾਣੀ | 26 | ਕੌਂਸਲਰ |
| 20 | ਰਾਜ ਕੁਮਾਰ | 27 | ਕੌਂਸਲਰ |
| 21 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 22 | ਪ੍ਰੀਤਮ ਕੋਰ | 31 | ਕੌਂਸਲਰ |
| 23 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 24 | ਜਗਰਾਜ ਸਿੰਘ | 36 | ਕੌਂਸਲਰ |
| 25 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 26 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 27 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 28 | ਛਿੰਦਰ ਕੋਰ | 40 | ਕੌਂਸਲਰ |
| 29 | ਅੰਜਨਾ ਰਾਣੀ | 41 | ਕੌਂਸਲਰ |
| 30 | ਪ੍ਰਦੀਪ ਗੋਇਲ | 42 | ਕੌਂਸਲਰ |
| 31 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 32 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 33 | ਸੁਖਵਿੰਦਰ ਕੋਰ | 45 | ਕੌਂਸਲਰ |
| 34 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 35 | ਨਿਰਮਲ ਕੋਰ | 47 | ਕੌਂਸਲਰ |
| 36 | ਗੁਰਮੀਤ ਕੋਰ | 49 | ਕੌਂਸਲਰ |
| 37 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ਼੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਉਹਨਾਂ ਨੂੰ ਪਤਾ ਲਗਾ ਹੈ ਕਿ ਸ਼ਹਿਰ ਵਿੱਚ ਸੀਵਰ ਪਾਉਣ ਖਾਤਰ ਪਿਛਲੇ ਹਾਊਸ ਦੌਰਾਨ ਕੁੱਝ ਰਕਮ ਪ੍ਰਾਪਤ ਹੋਈ ਸੀ, ਜਿਸ ਵਿੱਚੋਂ ਕੁੱਝ ਰਕਮ ਸ਼ਹਿਰ ਵਿੱਚ ਸਿਟੀ ਬੱਸਾਂ ਚਲਾਉਣ ਲਈ ਵਰਤੀ ਗਈ। ਉਹਨਾਂ ਪੁੱਛਿਆ ਕਿ ਕੀ ਇਸ ਸਬੰਧੀ ਹਾਊਸ ਤੋਂ ਪ੍ਰਵਾਨਗੀ ਲਈ ਗਈ ਸੀ? ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜੇ ਕੋਈ ਫੰਡਜ਼ ਟਰਾਂਸਫਰ ਹੋਏ ਹੋਣਗੇ ਤਾਂ ਉਹ ਹਾਊਸ ਤੇ ਸਰਕਾਰ ਦੀ ਮੰਨਜ਼ੂਰੀ ਨਾਲ ਹੀ ਹੋਏ ਹੋਣਗੇ। ਫਿਲਹਾਲ ਇਹ ਮੇਰੇ ਧਿਆਨ ਵਿੱਚ ਨਹੀਂ ਹੈ। ਇਸ ਸਬੰਧੀ ਜਾਣਕਾਰੀ ਪ੍ਰਾਪਤ ਹੋਣ ਤੇ ਮੁਹੲੀਆ ਕਰਵਾ ਦਿੱਤੀ ਜਾਵੇਗੀ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

**ਏਜੰਡਾ ਨੰਬਰ 1 :**

ਮੀਟਿੰਗ ਮਿਤੀ 14.03.2018 ਦੀ ਕਾਰਵਾਈ ਦੀ ਪਕਿਆਈ।

ਮੀਟਿੰਗ ਮਿਤੀ 14.03.2018 ਦੀ ਕਾਰਵਾਈ ਦੀ ਪਕਿਆਈ ਤੋਂ ਪਹਿਲਾਂ ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਮੀਟਿੰਗ ਮਿਤੀ 14.03.2018 ਵਿੱਚ ਏਜੰਡਾ ਲੜੀ ਨੰਬਰ 12 ਤੇ ਦਰਜ਼ ਸਲਾਟਰ ਹਾਊਸ ਵਿਖੇ ਸਲਾਟਰ ਹੋਣ ਵਾਲੇ ਜਾਨਵਰਾਂ ਦਾ ਰੇਟ ਬਹੁਤ ਜਿਆਦਾ ਫਿਕਸ ਕੀਤਾ ਗਿਆ ਹੈ। ਉਹਨਾਂ ਮੰਗ ਕੀਤੀ ਕਿ ਇਹ ਕੰਮ ਗਰੀਬ ਵਿਅਕਤੀਆਂ ਵੱਲੋਂ ਕੀਤਾ ਜਾਂਦਾ ਹੈ।ਰੇਟ ਵਧਾਉਣ ਨਾਲ ਇਹਨਾਂ ਲੋਕਾਂ ਦੀ ਰੋਜ਼ੀ ਰੋਟੀ ਤੇ ਬਹੁਤ ਜਿਆਦਾ ਮਾੜਾ ਅਸਰ ਪੈ ਰਿਹਾ ਹੈ। ਉਹਨਾਂ ਵੱਧ ਤੋਂ ਵੱਧ ਇਹ ਰੇਟ ਘਟਾਉਣ ਅਤੇ ਲੇਟ ਫੀਸ ਲੈਣ ਖਾਤਰ ਸਮਾਂ ਵਧਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਇਸੇ ਮੀਟਿੰਗ ਵਿੱਚ ਏਜੰਡਾ ਲੜੀ ਨੰਬਰ 13 ਤੇ ਦਰਜ਼ ਬਠਿੰਡਾ ਮਲੋਟ ਰੋਡ ਉਪਰ ਬਣੇ ਆਰ.ਓ.ਬੀ. ਤੇ ਲੱਗੀਆਂ ਸਟਰੀਟ ਲਾਈਟਾਂ ਨੂੰ ਟੇਕ ਓਵਰ ਕਰਨ ਅਤੇ ਬਿਜਲੀ ਦਾ ਕੁਨੈਕਸ਼ਨ ਲੈਣ ਤੋਂ ਪਹਿਲਾਂ ਯਕੀਨੀ ਬਣਾ ਲਿਆ ਜਾਵੇ ਕਿ ਇਸ ਸਬੰਧੀ ਸਾਰੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਗਈਆਂ ਹਨ, ਜਾਂ ਨਹੀਂ? ਉਹਨਾਂ ਤੱਦ ਤੱਕ ਇਸ ਮੱਦ ਨੂੰ ਪੈਡਿੰਗ ਰੱਖਣ ਦੀ ਮੰਗ ਕੀਤੀ। ਇਸਤੇ ਵਿਚਾਰ ਕਰਦੇ ਹੋਏ ਸਮੁੱਚੇ ਹਾਊਸ ਵੱਲੋਂ ਫੈਸਲਾ ਲਿਆ ਗਿਆ ਕਿ ਮਿਤੀ 14.03.2018 ਨੂੰ ਹੋਈ ਮੀਟਿੰਗ ਵਿੱਚ ਪਾਸ ਕੀਤੇ ਮਤਾ ਨੰਬਰ 91 ਰਾਹੀਂ ਸਲਾਟਰ ਹਾਊਸ ਵਿਖੇ ਸਲਾਟਰ ਹੋਣ ਵਾਲੇ ਜਾਨਵਰਾਂ ਦਾ ਜੋ ਰੇਟ ਬਿਨਾਂ ਲੇਟ ਫੀਸ ਅਤੇ ਲੇਟ ਫੀਸ ਨਾਲ ਲੈਣਾ ਪਾਸ ਕੀਤਾ ਗਿਆ ਸੀ, ਉਸ ਵਿੱਚ 50% ਦੀ ਕਟੋਤੀ ਕੀਤੀ ਜਾਵੇ ਅਤੇ ਸਰਦੀਆ ਅਤੇ ਗਰਮੀਆ ਲਈ ਨਿਸ਼ਚਿਤ ਕੀਤੇ ਸਮੇਂ ਵਿੱਚ ਵਾਧਾ ਕੀਤਾ ਜਾਵੇ। ਇਸਤੋਂ ਇਲਾਵਾ ਮਤਾ ਨੰਬਰ 92 ਰਾਹੀਂ ਬਠਿੰਡਾ ਮਲੋਟ ਰੋਡ ਉਪਰ ਬਣੇ ਆਰ.ਓ.ਬੀ. ਤੇ ਲੱਗੀਆਂ ਸਟਰੀਟ ਲਾਈਟਾਂ ਟੇਕ ਓਵਰ ਕਰਨ ਤੋਂ ਪਹਿਲਾਂ ਸਾਰੀਆਂ ਸ਼ਰਤਾਂ ਪੂਰੀਆਂ ਕਰਨੀਆਂ ਯਕੀਨੀ ਬਣਾਈਆਂ ਜਾਣ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਵੇ।

| | |
|---|---|
| ਮਤਾ ਨੰਬਰ 1: | **ਪਾਸ ਕੀਤਾ ਜਾਂਦਾ ਹੈ ਕਿ ਮੀਟਿੰਗ ਮਿਤੀ 14.03.2018 ਵਿੱਚ ਮਤਾ ਨੰਬਰ 91 ਰਾਹੀਂ ਫਿਕਸ ਕੀਤੀਆਂ ਫੀਸਾਂ ਵਿੱਚ ਹੇਠ ਲਿਖੇ ਅਨੁਸਾਰ ਕਟੋਤੀ ਕਰਕੇ ਰੇਟ ਪਾਸ ਕੀਤੇ ਜਾਂਦੇ ਹਨ:-**<br>**ਬਿਨਾਂ ਲੇਟ ਫੀਸ — ਲੇਟ ਫੀਸ**<br>**1. ਬਕਰੇ,ਬਕਰੀ,ਪੱਠ ਅਤੇ ਭੇਡੂ — 25/- ਰੁਪਏ ਪ੍ਰਤੀ ਨਗ — 50/- ਰੁਪਏ ਪ੍ਰਤੀ ਨਗ**<br>**2. ਸੂਰ — 40/- ਰੁਪਏ ਪ੍ਰਤੀ ਨਗ — 80/- ਰੁਪਏ ਪ੍ਰਤੀ ਨਗ**<br>**ਇਸਤੋਂ ਇਲਾਵਾ ਸਰਦੀਆਂ ਵਿੱਚ ਸਲਾਟਰ ਹਾਊਸ ਦਾ ਸਮਾਂ ਸਵੇਰੇ 7.00 ਵਜੇ ਤੋਂ 9.00 ਵਜੇ ਤੱਕ ਅਤੇ ਗਰਮੀਆਂ ਵਿੱਚ ਇਸਦਾ ਸਮਾਂ ਸਵੇਰੇ 6.00 ਵਜੇ ਤੋਂ 8.00 ਵਜੇ ਤੱਕ ਕੀਤਾ ਜਾਂਦਾ ਹੈ।**<br>**ਮਤਾ ਨੰਬਰ 92 : ਪੈਡਿੰਗ ਕੀਤਾ ਜਾਂਦਾ ਹੈ।**<br>**ਬਾਕੀ ਦੀ ਮੀਟਿੰਗ ਮਿਤੀ 14.03.2018 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

| ਮਤਾ ਨੰਬਰ | ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018 |
|---|---|
| 1 | **1. ਪਿਛਲੀ ਮੀਟਿੰਗ ਦੀ ਪੁਸ਼ਟੀ ਕਰਨ ਸਬੰਧੀ ਟਿੱਪਣੀ ਦੀ ਲੋੜ੍ਹ ਨਹੀਂ ਹੈ।**<br>**2. ਮਤਾ ਨੰ: 91 ਸਬੰਧੀ ਇਸ ਵਿਭਾਗ ਵੱਲੋਂ ਪਹਿਲਾਂ ਹੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਹੁਣ ਇਸ ਸਟੇਜ਼ ਤੇ ਇਸ ਮਤੇ ਰਾਹੀਂ ਪਾਸ ਕੀਤੇ ਰੇਟਾਂ ਵਿੱਚ ਕਟੋਤੀ ਨਹੀਂ ਕੀਤੀ ਜਾ ਸਕਦੀ।**<br>**3. ਮਤਾ ਨੰ: 92 ਮਿਤੀ 14.03.18 ਸਬੰਧੀ ਹੁਣ ਲਏ ਫੈਸਲੇ ਦੀ ਕਾਪੀ ਮੁੱਖ ਇੰਜੀਨੀਅਰ (ਓ. ਐਂਡ ਐਮ.) ਜੀ ਨੂੰ ਭੇਜੀ ਗਈ ਹੈ।**<br>**4. ਬਹਿਸ ਦੌਰਾਨ ਜਿਹੜੇ ਮਾਮਲਿਆਂ ਸਬੰਧੀ ਸਰਵਸੰਮਤੀ ਨਾਲ ਫੈਸਲਾ ਲਿਆ ਗਿਆ ਹੈ, ਉਨ੍ਹਾਂ ਵਿੱਚੋਂ ਜਿਹੜੇ ਮਾਮਲਿਆਂ ਨੂੰ ਵੱਖਰੇ ਏਜੰਡੇ ਦੇ ਰੂਪ ਵਿੱਚ ਵਿਚਾਰਨਾ ਬਣਦਾ ਹੈ, ਉਨ੍ਹਾ ਨੂੰ ਹਾਊਸ ਦੀ ਅਗਲੀ ਮੀਟਿੰਗ ਵਿੱਚ ਵੱਖਰੇ ਤੋਰ ਤੇ ਮਤੇ ਦੇ ਰੂਪ ਵਿੱਚ ਵਿਚਾਰ ਕੇ ਭੇਜਿਆ ਜਾਵੇ।** |

ਮੀਟਿੰਗ ਵਿੱਚ ਬੋਲਦਿਆਂ ਸ੍ਰ: ਰਾਜਿੰਦਰ ਸਿੰਘ ਸਿੱਧੂ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਚਲਾਈਆਂ ਜਾ ਰਹੀਆਂ ਸਿਟੀ ਬੱਸਾਂ ਅਜੇ ਵੀ ਕਈ ਏਰੀਆ ਵਿੱਚ ਨਾ ਚਲਾਏ ਜਾਣ ਕਾਰਨ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਰੋਜ਼ ਗਾਰਡਨ ਚੌਂਕ ਤੋਂ ਮਾਤਾ ਜੀਵੀ ਨਗਰ, ਹਜ਼ੂਰਾ ਕਪੂਰਾ ਕਲੋਨੀ, ਗੁਰੂ ਗੋਬਿੰਦ ਸਿੰਘ ਨਗਰ, ਗਲੀ ਨੰਬਰ 10, ਨੈਸ਼ਨਲ ਕਲੋਨੀ, ਭੱਟੀ ਰੋਡ ਤੋਂ ਨਾਮਦੇਵ ਰੋਡ ਹੁੰਦੇ ਹੋਏ ਮੇਨ ਜੀ.ਟੀ. ਰੋਡ ਤੋਂ ਹਨੂੰਮਾਨ ਚੌਂਕ ਤੱਕ ਅਤੇ ਇਸਤੋਂ ਅੱਗੇ ਪੁਰਾਣਾ ਬੱਸ ਅੱਡਾ - ਨਵਾਂ ਬੱਸ ਅੱਡਾ, ਗੋਲ ਡਿੱਗੀ ਤੋਂ ਸਟੇਸ਼ਨ ਤੱਕ ਦੇ ਰੂਟ ਤੇ ਕੋਈ ਬੱਸ ਨਾ ਹੋਣ ਕਾਰਨ ਆਮ ਪਬਲਿਕ ਅਤੇ ਇਸ ਰਾਸਤੇ ਵਿੱਚ ਪੈਣ ਵਾਲੇ ਹਸਪਤਾਲਾਂ ਵਿਖੇ ਆਉਣ ਵਾਲੇ ਲੋਕਾਂ ਨੂੰ ਕਾਫੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਜਲਦ ਤੋਂ ਜਲਦ ਇਹਨਾਂ ਰੂਟਾਂ ਤੇ ਸਿਟੀ ਬੱਸ ਚਲਾਉਣ ਦੀ ਮੰਗ ਕੀਤੀ। ਇਸਦੀ ਤਾਇਦ ਸ੍ਰ: ਸੁਖਮਿੰਦਰ ਸਿੰਘ ਅਤੇ ਸ਼੍ਰੀਮਤੀ ਪ੍ਰਮਿੰਦਰ ਕੋਰ ਸਿੱਧੂ, ਕੌਂਸਲਰਜ਼ ਨੇ ਵੀ ਕੀਤੀ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਸ੍ਰ: ਰਾਜਿੰਦਰ ਸਿੰਘ ਸਿੱਧੂ, ਕੌਂਸਲਰ ਵੱਲੋਂ ਦੱਸੇ ਗਏ ਰੂਟ ਤੇ ਜਲਦ ਤੋਂ ਜਲਦ ਸਿਟੀ ਬੱਸ ਚਲਾਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇ।

ਸ੍ਰ: ਰਾਜਿੰਦਰ ਸਿੰਘ ਸਿੱਧੂ, ਕੌਂਸਲਰ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਟੀਚਰ ਕਲੋਨੀ ਵਿਖੇ ਸੜ੍ਹਕ ਦੇ ਦੋਹਾਂ ਪਾਸੇ 30-30 ਫੁੱਟ ਜਗ੍ਹਾ ਛੱਡ ਕੇ ਸੜ੍ਹਕ ਬਣਾਈ ਗਈ ਹੈ। ਪਰੰਤੂ ਜੋ ਸੜ੍ਹਕ ਦੇ ਦੋਹਾਂ ਪਾਸੇ 30-30 ਫੁੱਟ ਸੜ੍ਹਕ ਕੱਚੀ ਛੱਡੀ ਗਈ ਸੀ, ਉਸਤੇ ਲੋਕਾਂ ਵੱਲੋਂ ਨਜਾਇਜ ਕਬਜੇ ਕਰਕੇ ਦੀਵਾਰਾਂ ਕੱਢੀਆਂ ਜਾ ਰਹੀਆਂ ਹਨ। ਉਹਨਾਂ ਜਲਦ ਤੋਂ ਜਲਦ ਨਜਾਇਜ ਕਬਜੇ ਛੁਡਵਾਉਣ ਦੀ ਮੰਗ ਕੀਤੀ। ਇਸਤੇ ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ

ਨੇ ਦਸਿਆ ਕਿ ਜਿੰਨ੍ਹਾਂ ਲੋਕਾਂ ਵੱਲੋਂ ਨਜਾਇਜ ਕਬਜੇ ਕੀਤੇ ਗਏ ਹਨ, ਉਹਨਾਂ ਨੂੰ ਨੋਟਿਸ ਕੱਢ ਦਿੱਤੇ ਗਏ ਹਨ। ਜਲਦ ਹੀ ਨਜਾਇਜ ਕਬਜੇ ਛੁਡਵਾਉਣ ਲਈ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਸ੍ਰ: ਰਾਜਿੰਦਰ ਸਿੰਘ ਸਿੱਧੂ, ਕੌਂਸਲਰ ਦੇ ਭੱਟੀ ਰੋਡ ਤੇ ਲੱਗੇ ਟ੍ਰੈਫਿਕ ਸਿਗਨਲਜ਼ ਨੂੰ ਚਾਲੂ ਕਰਨ ਦੀ ਮੰਗ ਤੇ ਦਸਿਆ ਗਿਆ ਕਿ ਇਹ ਅੱਜ ਚਾਲੂ ਕਰ ਦਿੱਤੇ ਗਏ ਹਨ।

ਸ੍ਰ: ਰਾਜਿੰਦਰ ਸਿੰਘ ਸਿੱਧੂ, ਕੌਂਸਲਰ ਨੇ ਦਸਿਆ ਕਿ ਜ਼ੋਗਰ ਪਾਰਕ ਅੰਦਰ ਜਿੱਥੇ ਵਾਟਰ ਟੈਂਕ ਬਣੇ ਹੋਏ ਹਨ, ਉਸ ਜਗ੍ਹਾ ਦੇ ਆਸ-ਪਾਸ ਸੰਘਣੀ ਆਬਾਦੀ ਹੈ। ਨਗਰ ਨਿਗਮ ਵੱਲੋਂ ਉਸ ਖਾਲੀ ਜਗ੍ਹਾ ਤੇ ਝਾੜੀਆਂ ਜਾਂ ਹੋਰ ਜੰਗਲੀ ਪੌਦੇ ਲਗਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਇਹਨਾਂ ਝਾੜੀਆਂ ਦੇ ਲੱਗਣ ਨਾਲ ਚੋਰੀਆਂ ਹੋਣ ਦਾ ਖਤਰਾ ਵੱਧ ਜਾਵੇਗਾ ਅਤੇ ਨਸ਼ਾ ਕਰਨ ਵਾਲੇ ਉਸ ਜਗ੍ਹਾ ਲੁੱਕ ਕੇ ਨਸ਼ਾ ਕਰਨ ਲੱਗ ਪੈਣਗੇ। ਉਹਨਾਂ ਇਹਨਾਂ ਝਾੜੀਆਂ ਜਾਂ ਜੰਗਲੀ ਪੌਦਿਆਂ ਦੀ ਥਾਂ ਤੇ ਆਕਸੀਜ਼ਨ ਨਾਲ ਭਰਪੂਰ ਦਰੱਖਤ ਲਗਾਉਣ ਦੀ ਮੰਗ ਕੀਤੀ। ਇਸ ਗੱਲ ਦੀ ਤਾਇਦ ਸ੍ਰ: ਹਰਪਾਲ ਸਿੰਘ ਢਿੱਲੋਂ ਕੌਂਸਲਰ ਨੇ ਵੀ ਕੀਤੀ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਉਹਨਾਂ ਪਾਸ ਵੀ ਲੋਕਾਂ ਦੇ ਕਈ ਡੈਪੂਟੇਸ਼ਨ ਇਸ ਸਿਲਸਿਲੇ ਵਿੱਚ ਮਿਲ ਚੁੱਕੇ ਹਨ। ਉਹਨਾਂ ਕਿਹਾ ਕਿ ਦਿਨ ਬ ਦਿਨ ਘੱਟ ਰਹੀ ਆਕਸੀਜ਼ਨ ਨੂੰ ਦੇਖਦੇ ਹੋਏ ਵੀ ਇਹ ਯੋਗ ਹੋਵੇਗਾ ਕਿ ਇਸ ਜਗ੍ਹਾ ਆਕਸੀਜ਼ਨ ਨਾਲ ਭਰਪੂਰ ਦਰੱਖਤ ਲਗਾ ਦਿੱਤੇ ਜਾਣ। ਉਹਨਾਂ ਹਦਾਇਤ ਕੀਤੀ ਕਿ ਇਹਨਾਂ ਝਾੜੀਆਂ ਦੀ ਥਾਂ ਤੇ ਆਕਸੀਜ਼ਨ ਨਾਲ ਭਰਪੂਰ ਦਰੱਖਤ ਲਗਾਉਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਬਠਿੰਡਾ ਸ਼ਹਿਰ ਦੇ ਵਾਰਡਾਂ ਦੇ ਅੰਦਰੂਨੀ ਹਿੱਸਿਆਂ ਵਿੱਚ ਸਫਾਈ ਦਾ ਬਹੁਤ ਮਾੜਾ ਹਾਲ ਹੈ। ਇਸ ਲਈ ਉਹਨਾਂ ਜਲਦ ਤੋਂ ਜਲਦ ਘੱਟੋ-ਘੱਟ 300 ਹੋਰ ਸਫਾਈ ਕਰਮਚਾਰੀ ਡੇਲੀ ਵੇਜ਼ਿਜ਼ ਤੇ ਰੱਖਣ ਦੀ ਮੰਗ ਕੀਤੀ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਇਸ ਸਬੰਧੀ ਪਹਿਲਾਂ ਵੀ ਵਿਚਾਰ ਕੀਤਾ ਜਾ ਚੁੱਕਾ ਹੈ, ਜਿਸ ਮੁਤਾਬਿਕ ਸਫਾਈ ਲਈ ਖਾਲੀ ਪਈਆਂ ਬੀਟਾਂ ਅਨੁਸਾਰ 328 ਸਫਾਈ ਕਰਮਚਾਰੀ ਹੋਰ ਲੋੜੀਂਦੇ ਹਨ। ਉਹਨਾਂ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਖਾਲੀ ਪਈਆਂ ਬੀਟਾਂ ਨੂੰ ਦੇਖਦੇ ਹੋਏ ਲੋੜੀਂਦੇ ਸਫਾਈ ਕਰਮਚਾਰੀ ਰੱਖਣ ਲਈ ਹਾਊਸ ਦੀ ਅਗਲੀ ਮੀਟਿੰਗ ਵਿੱਚ ਏਜੰਡਾ ਪੇਸ਼ ਕੀਤਾ ਜਾਵੇ।

ਸ੍ਰ:ਨਿਰਮਲ ਸਿੰਘ ਸੰਧੂ, ਸ੍ਰ: ਗੁਰਸੇਵਕ ਸਿੰਘ ਮਾਨ ਅਤੇ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਸਾਹਿਬਾਨ ਨੇ ਦਸਿਆ ਕਿ ਉਹਨਾਂ ਦੇ ਏਰੀਏ ਵਿੱਚ ਪੈਂਦੀ ਪਰਸ ਰਾਮ ਨਗਰ, ਮੇਨ ਰੋਡ ਦਾ ਬਹੁਤ ਹੀ ਬੁਰਾ ਹਾਲ ਹੈ। ਇਹ ਥਾਂ-ਥਾਂ ਤੋਂ ਪੁੱਟੀ ਹੋਈ ਹੈ ਅਤੇ ਇਸਤੇ ਵੱਡੇ-ਵੱਡੇ ਖੱਡੇ ਪਏ ਹੋਏ ਹਨ, ਜਿਸ ਨਾਲ ਆਏ ਦਿਨ ਐਕਸੀਡੈਂਟ ਹੁੰਦੇ ਰਹਿੰਦੇ ਹਨ। ਸਕੂਲ ਜਾਣ ਵਾਲੇ ਬੱਚਿਆਂ ਦਾ ਇਸ ਸੜ੍ਹਕ ਤੇ ਮਿੱਟੀ ਨਾਲ ਭਰ ਜਾਣ ਤੇ ਬੁਰਾ ਹਾਲ ਹੋ ਜਾਂਦਾ ਹੈ। ਉਹਨਾਂ ਦਸਿਆ ਕਿ ਬਠਿੰਡਾ ਸ਼ਹਿਰ ਦੀ ਅੱਧੀ ਆਬਾਦੀ ਲਾਇਨੋਪਾਰ ਇਲਾਕੇ ਵਿੱਚ ਰਹਿੰਦੀ ਹੈ ਅਤੇ ਇਹ ਸ਼ਹਿਰ ਦੀ ਮੇਨ ਸੜਕ ਹੋਣ ਕਾਰਨ ਇਸ ਮੇਨ ਸੜ੍ਹਕ ਤੇ ਆਵਾਜਾਈ ਬਹੁਤ ਜਿਆਦਾ ਰਹਿੰਦੀ ਹੈ। ਉਹਨਾਂ ਮੰਗ ਕੀਤੀ ਕਿ ਅੱਜ ਦੀ ਮੀਟਿੰਗ ਵਿੱਚ ਇਸ ਸੜ੍ਹਕ ਤੇ ਡਬਲਿਊ.ਬੀ.ਐਮ. ਅਤੇ ਪੀ.ਸੀ. ਪਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦੇ ਦਿੱਤੀ ਜਾਵੇ ਤਾਂ ਜੋ ਲੋਕਾਂ ਨੂੰ ਰਾਹਤ ਦਿੱਤੀ ਜਾ ਸਕੇ। ਇਸਤੇ ਸਮੁੱਚੇ ਹਾਊਸ ਵੱਲੋਂ ਸਹਿਮਤੀ ਪ੍ਰਗਟਾਈ ਗਈ।

ਸ਼੍ਰੀ ਪ੍ਰਦੀਪ ਕੁਮਾਰ ਗੋਇਲ, ਕੌਂਸਲਰ ਨੇ ਪੁੱਛਿਆ ਕਿ ਕੀ ਵਾਰਡ ਦਾ ਨੁਮਾਇੰਦਾ ਹੋਣ ਕਾਰਨ ਉਹ ਲੋਕਾਂ ਦੀਆਂ ਸਮੱਸਿਆਂਵਾਂ ਦੇ ਹੱਲ ਖਾਤਰ ਸਬੰਧਤ ਅਧਿਕਾਰੀਆਂ ਨੂੰ ਦੱਸ ਸਕਦੇ ਹਨ, ਜਾਂ ਨਹੀਂ? ਜਾਂ ਉਹਨਾਂ ਨੂੰ ਵੀ ਆਮ ਪਬਲਿਕ ਵਾਂਗ ਹਰ ਕੰਮ ਲਿਖਤੀ ਰੂਪ ਵਿੱਚ ਦੇਣਾ ਹੋਵੇਗਾ? ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਸ਼ਹਿਰ ਦੇ ਚੁਣੇ ਹੋਏ ਨੁਮਾਇੰਦੇ ਲੋਕਾਂ ਦੀਆਂ ਸਮੱਸਿਆਂਵਾਂ ਦੇ ਹੱਲ ਲਈ ਨਗਰ ਨਿਗਮ ਦੇ ਕਰਮਚਾਰੀਆਂ ਨੂੰ ਕਹਿਣਾ ਉਹਨਾਂ ਦਾ ਮੌਲਿਕ ਅਧਿਕਾਰ ਹੈ ਅਤੇ ਉਹ ਕਹਿ ਸਕਦੇ ਹਨ, ਇਸ ਸਬੰਧੀ ਲਿਖਤੀ ਦੇਣਾ ਕੋਈ ਜਰੂਰੀ ਨਹੀਂ ਹੈ। ਇਸਤੇ ਸ਼੍ਰੀ ਪ੍ਰਦੀਪ ਕੁਮਾਰ ਗੋਇਲ, ਕੌਂਸਲਰ ਨੇ ਦਸਿਆ ਕਿ ਪਰਸ ਰਾਮ ਨਗਰ, ਤੇਜ਼ਾਬ ਫੈਕਟਰੀ ਵਾਲੀ ਗਲੀ ਜੋ ਕਿ ਸਿਰਫ 10 ਫੁੱਟ ਹੀ ਚੌੜੀ ਹੈ, ਵਿੱਚ ਨਰੋਤਮ ਫਰਨੀਚਰ ਹਾਊਸ ਵੱਲੋਂ 3 ਫੁੱਟ ਦੀ ਪੌੜ੍ਹੀ ਬਣਾ ਰੱਖੀ ਹੈ ਅਤੇ ਉਸਦਾ ਟੈਂਪੂ ਹਰ ਵੇਲੇ ਗਲੀ ਵਿੱਚ ਖੜ੍ਹਾ ਰਹਿੰਦਾ ਹੈ। ਇਸ ਨਾਲ ਇਸ ਗਲੀ ਵਿੱਚੋਂ ਲੰਘਣ ਵਾਲੇ ਲੋਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗਲੀ ਵਿੱਚ ਹਰ ਵੇਲੇ ਜਾਮ ਲਗਿਆ ਰਹਿੰਦਾ ਹੈ। ਇਸਤੋਂ ਇਲਾਵਾ ਇਸ ਨਰੋਤਮ ਫਰਨੀਚਰ ਹਾਊਸ ਵੱਲੋਂ ਰਿਹਾਇਸ਼ੀ ਗਲੀ ਵਿੱਚ ਸ਼ੋ ਰੂਮ ਬਣਾ ਕੇ ਪਲਾਈ ਅਤੇ ਸਨਮਾਇਕਾ ਸਟੋਰ ਕੀਤਾ ਹੋਇਆ ਹੈ, ਜਿਸ ਨਾਲ ਕਿਸੇ ਵੇਲੇ ਵੀ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਉਹਨਾਂ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਸਬੰਧਤ ਐਸ.ਡੀ.ਓ. ਵੱਲੋਂ ਬਿਨਾਂ ਕਿਸੇ ਲਿਖਤ ਦੇ ਪਹਿਲਾਂ 3-4 ਥੜੀਆਂ ਤੋੜੀਆਂ ਗਈਆਂ ਹਨ। ਪਰੰਤੂ ਉਹਨਾਂ ਦੇ ਕਹਿਣ ਤੇ ਇਸ ਨਰੋਤਮ ਫਰਨੀਚਰ ਹਾਊਸ ਦੀ ਬਣੀ ਪੌੜ੍ਹੀ/ਥੜ੍ਹੀ ਨਹੀਂ ਤੋੜੀ ਜਾ ਰਹੀ, ਜਿਸ ਕਾਰਨ ਟ੍ਰੈਫਿਕ ਵਿੱਚ ਹਰ ਸਮੇਂ ਅੜਚਨ ਆ ਰਹੀ ਹੈ। ਉਹਨਾਂ ਕਿਹਾ ਕਿ ਉਹਨਾਂ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਸਬੰਧਤ ਸਹਾਇਕ ਨਿਗਮ ਇੰਜੀਨੀਅਰ, ਸ਼੍ਰੀ ਰਾਜਿੰਦਰ ਕੁਮਾਰ ਵੱਲੋਂ ਕਿਹਾ ਗਿਆ ਕਿ ਤੁਸੀ ਇਸ ਸਬੰਧੀ ਲਿਖਤੀ ਸ਼ਿਕਾਇਤ ਦੇ ਦੇਵੋ। ਉਹਨਾਂ ਕਿਹਾ ਕਿ ਇਹ ਇੱਕ ਚੁਣੇ ਹੋਏ ਨੁਮਾਇੰਦੇ ਦੀ ਤੋਹੀਨ ਹੈ ਅਤੇ ਉਹਨਾਂ ਮੰਗ ਕੀਤੀ ਕਿ ਅੱਜ ਦੀ ਮੀਟਿੰਗ ਵਿੱਚ ਫੈਸਲਾ ਲੈਂਦੇ ਹੋਏ ਸ਼੍ਰੀ ਰਾਜਿੰਦਰ ਕੁਮਾਰ, ਸਹਾਇਕ ਨਿਗਮ ਇੰਜੀਨੀਅਰ ਨੂੰ ਸਸਪੈਂਡ ਕੀਤਾ ਜਾਵੇ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਉਕਤ ਗਲੀ ਦਾ ਮੌਕਾ ਦੇਖਣ ਅਤੇ ਇਸ ਸਬੰਧੀ ਇਨਕੁਆਰੀ ਕਰਨ ਖਾਤਰ ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ ਦੀ ਡਿਊਟੀ ਲਗਾਈ ਜਾਂਦੀ ਹੈ।

ਸ੍ਰ: ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪਿਛਲੇ ਦਿਨੀਂ ਇੱਕ ਪਾਰਕ ਦਾ ਉਦਘਾਟਨ ਕੀਤਾ ਗਿਆ, ਜਿਸ ਵਿੱਚ ਨਾਂ ਤਾਂ ਸ਼ਹਿਰ ਦੇ ਚੁਣੇ ਹੋਏ ਮਾਨਯੋਗ ਐਮ.ਐਲ.ਏ., ਮਾਨਯੋਗ ਮੇਅਰ ਸਾਹਿਬ ਅਤੇ ਨਾਂ ਹੀ ਵਾਰਡ ਦੇ ਚੁਣੇ ਹੋਏ ਕੌਂਸਲਰ ਨੂੰ ਸੂਚਿਤ ਕੀਤਾ ਗਿਆ। ਉਹਨਾਂ ਕਿਹਾ ਕਿ ਇਸ ਪਾਰਕ ਨੂੰ ਬਨਾਉਣ ਲਈ ਉਹਨਾਂ ਵੱਲੋਂ ਦਿਨ-ਰਾਤ ਮਿਹਨਤ ਕੀਤੀ ਗਈ ਸੀ। ਪਰੰਤੂ ਪਾਰਕ ਤਿਆਰ ਹੋਣ ਉਪਰੰਤ ਉਦਘਾਟਨ ਸਮੇਂ ਉਹਨਾਂ ਨੂੰ ਸੂਚਿਤ ਨਾ ਕਰਨ ਨਾਲ ਉਹਨਾਂ ਦੇ ਮਨ ਨੂੰ ਠੇਸ ਪਹੁੰਚੀ ਹੈ। ਉਹਨਾਂ ਵੀ ਉਸ ਸਮੇਂ ਦੇ ਸਬੰਧਤ ਜੋ ਵੀ ਸਹਾਇਕ ਨਿਗਮ ਇੰਜੀਨੀਅਰ ਸੀ, ਜਿਸ ਵੱਲੋਂ ਇਹ ਕਾਰਵਾਈ ਕਰਵਾਈ ਗਈ, ਉਸਦੇ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ।

ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਕਿਸੇ ਵੀ ਵਾਰਡ ਵਿੱਚ ਨਗਰ ਨਿਗਮ ਵੱਲੋਂ ਕੀਤੇ ਕੰਮ ਦੇ ਉਦਘਾਟਨ ਸਮੇਂ ਸ਼ਹਿਰ ਦੇ ਮਾਨਯੋਗ ਐਮ.ਐਲ.ਏ, ਮਾਨਯੋਗ ਮੇਅਰ ਸਾਹਿਬ ਅਤੇ ਸਬੰਧਤ ਵਾਰਡ ਦੇ ਚੁਣੇ

ਹੋਏ ਨੁਮਾਇੰਦੇ ਨੂੰ ਨਾ ਦਸਣ ਨਾਲ ਸਮੁੱਚੇ ਹਾਊਸ ਦੀ ਗਰੀਮਾ ਨੂੰ ਠੇਸ ਪਹੁੰਚੀ ਹੈ ਅਤੇ ਇਸ ਨਾਲ ਹਾਊਸ ਦੀ ਬੇਇਜ਼ਤੀ ਕੀਤੀ ਗਈ ਹੈ। ਉਹਨਾਂ ਸਬੰਧਤ ਸਹਾਇਕ ਨਿਗਮ ਇੰਜੀਨੀਅਰ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ।

ਸ਼੍ਰੀਮਤੀ ਗੁਰਮੀਤ ਕੌਰ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਵੀ ਵਿਕਾਸ ਦੇ ਕੰਮਾਂ ਦੌਰਾਨ ਸਬੰਧਤ ਸਹਾਇਕ ਨਿਗਮ ਇੰਜੀਨੀਅਰ ਵੱਲੋਂ ਉਹਨਾਂ ਦੀ ਅਣਦੇਖੀ ਕੀਤੀ ਗਈ ਸੀ। ਉਹਨਾਂ ਦਸਿਆ ਕਿ ਸ਼੍ਰੀ ਰਾਜਿੰਦਰ ਕੁਮਾਰ, ਸਹਾਇਕ ਨਿਗਮ ਇੰਜੀਨੀਅਰ ਪਾਸੋਂ ਜਾਣਕਾਰੀ ਲੈਣ ਖਾਤਰ ਉਹਨਾਂ ਨੂੰ ਆਰ.ਟੀ.ਆਈ. ਦਾ ਸਹਾਰਾ ਲੈਣਾ ਪਿਆ।

ਸ਼੍ਰੀ ਪ੍ਰਦੀਪ ਕੁਮਾਰ ਗੋਇਲ, ਸ੍ਰ: ਹਰਮਿੰਦਰ ਸਿੰਘ ਅਤੇ ਸ਼੍ਰੀਮਤੀ ਗੁਰਮੀਤ ਕੌਰ, ਕੌਂਸਲਰਜ਼ ਅਤੇ ਹਾਊਸ ਵਿੱਚ ਮੋਜੂਦ ਹੋਰ ਕਈ ਮੈਂਬਰ ਸਾਹਿਬਨਾਂ ਵੱਲੋਂ ਸ਼੍ਰੀ ਰਾਜਿੰਦਰ ਕੁਮਾਰ, ਸਹਾਇਕ ਨਿਗਮ ਇੰਜੀਨੀਅਰ ਵੱਲੋਂ ਚੁਣੇ ਹੋਏ ਨੁਮਾਇੰਦਿਆਂ ਨਾਲ ਕੀਤੇ ਦੁਰਵਿਹਾਰ ਦੀ ਨਿੰਦਿਆਂ ਕੀਤੀ ਅਤੇ ਖੜੇ ਹੋ ਕੇ ਰੋਸ ਪ੍ਰਗਟ ਕੀਤਾ। ਉਹਨਾਂ ਮੰਗ ਕੀਤੀ ਕਿ ਇਸ ਸਹਾਇਕ ਨਿਗਮ ਇੰਜੀਨੀਅਰ ਦੇ ਖਿਲਾਫ ਬਣਦੀ ਕਾਨੂੰਨੀ ਅਤੇ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਇਸਨੂੰ ਤੁਰੰਤ ਸਸਪੈਂਡ ਕੀਤਾ ਜਾਵੇ। ਇਸਦਾ ਸ੍ਰ: ਮਲਕੀਤ ਸਿੰਘ ਅਤੇ ਸ੍ਰ: ਜਗਰਾਜ ਸਿੰਘ, ਕੌਂਸਲਰ ਨੇ ਸ਼੍ਰੀ ਰਾਜਿੰਦਰ ਕੁਮਾਰ, ਸਹਾਇਕ ਨਿਗਮ ਇੰਜੀਨੀਅਰ ਦਾ ਪੱਖ ਲੈਂਦੇ ਹੋਏ ਕੋਈ ਕਾਰਵਾਈ ਨਾ ਕਰਨ ਦੀ ਹਮਾਇਤ ਕੀਤੀ।

ਬਹੁ-ਗਿਣਤੀ ਵਿੱਚ ਮੈਂਬਰ ਸਾਹਿਬਾਨ ਦੇ ਰੋਸ ਨੂੰ ਦੇਖਦੇ ਹੋਏ ਹਾਊਸ ਵੱਲੋਂ ਫੈਸਲਾ ਲਿਆ ਗਿਆ ਕਿ ਸ਼੍ਰੀ ਰਾਜਿੰਦਰ ਕੁਮਾਰ, ਸਹਾਇਕ ਨਿਗਮ ਇੰਜੀਨੀਅਰ ਜਿਸ ਵੱਲੋਂ ਪ੍ਰੋਟੋਕਾਲ ਦੀ ਅਣਦੇਖੀ ਕੀਤੀ ਗਈ ਹੈ ਅਤੇ ਹਾਊਸ ਦੀ ਗਰੀਮਾ ਨੂੰ ਠੇਸ ਪਹੁੰਚਾਈ ਹੈ, ਉਸਤੇ ਕਾਰਵਾਈ ਕਰਦੇ ਹੋਏ ਉਸਨੂੰ ਸਸਪੈਂਡ ਕਰਨਾ ਪਾਸ ਕੀਤਾ ਜਾਂਦਾ ਹੈ। ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜੇਕਰ ਕੋਈ ਵੀ ਮੁਲਾਜ਼ਮ ਪ੍ਰੋਟੋਕਾਲ ਦੀ ਅਣਦੇਖੀ ਕਰਦਾ ਹੈ ਤਾਂ ਉਸਦੇ ਖਿਲਾਫ ਤੁਰੰਤ ਐਕਸ਼ਨ ਲਿਆ ਜਾਵੇ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੂੰ ਸਬੰਧਤ ਸਹਾਇਕ ਨਿਗਮ ਇੰਜੀਨੀਅਰ ਖਿਲਾਫ ਤੁਰੰਤ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਸ਼੍ਰੀ ਦਵਿੰਦਰ ਸਿੰਘ ਜੌੜਾ, ਨਿਗਮ ਇੰਜੀਨੀਅਰ ਨੂੰ ਹਦਾਇਤ ਕੀਤੀ ਕਿ ਉਹ ਅੱਜ ਹੀ ਤੇਜ਼ਾਫ ਫੈਕਟਰੀ ਵਾਲੀ ਗਲੀ, ਪਰਸ ਰਾਮ ਨਗਰ ਵਿਖੇ ਮੌਕਾ ਦੇਖਣ ਜਾਣਗੇ ਅਤੇ ਅੱਜ ਹੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀਮਤੀ ਗੁਰਮੀਤ ਕੌਰ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਸੜ੍ਹਕ ਬਨਾਉਣ ਸਮੇਂ ਅੱਧੀ ਸੜ੍ਹਕ ਛੱਡ ਦਿੱਤੀ ਗਈ ਹੈ। ਉਹਨਾਂ ਜਲਦ ਤੋਂ ਜਲਦ ਬਾਕੀ ਰਹਿੰਦੀ ਅੱਧੀ ਸੜ੍ਹਕ ਬਨਾਉਣ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਉਕਤ ਕੌਂਸਲਰ ਦੇ ਵਾਰਡ ਵਿੱਚ ਰਹਿੰਦੀ ਅੱਧੀ ਸੜ੍ਹਕ ਬਨਾਉਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ੍ਰ: ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵਿਖੇ ਸਵੱਛ ਭਾਰਤ ਮਿਸ਼ਨ ਤਹਿਤ ਕਿੰਨੇ ਫੰਡਜ਼ ਪ੍ਰਾਪਤ ਹੋਏ ਹਨ ਅਤੇ ਇਹ ਫੰਡਜ਼ ਸ਼ਹਿਰ ਵਿੱਚ ਕਿਸ ਜਗ੍ਹਾ ਵਿਕਾਸ ਦੇ ਕੰਮਾਂ ਤੇ ਖਰਚ ਕੀਤੇ ਗਏ ਹਨ, ਇਸ ਸਬੰਧੀ ਹਾਊਸ ਨੂੰ ਕੁੱਝ ਵੀ ਨਹੀਂ ਪਤਾ ਚਲਦਾ। ਉਹਨਾਂ ਸਵੱਛ ਭਾਰਤ ਮਿਸ਼ਨ ਤਹਿਤ ਪ੍ਰਾਪਤ ਹੋਣ ਵਾਲੇ ਫੰਡਜ਼ ਵਿੱਚੋਂ ਵਿਕਾਸ ਦੇ ਕੰਮ ਕਰਾਉਣ ਖਾਤਰ ਚੁਣੇ ਹੋਏ ਨੁਮਾਇੰਦਿਆਂ ਵਿੱਚੋਂ ਸਬ-ਕਮੇਟੀ ਬਨਾਉਣ ਦੀ ਮੰਗ ਕੀਤੀ। ਇਸਤੇ ਸਮੁੱਚੇ ਹਾਊਸ ਵੱਲੋਂ ਸਹਿਮਤੀ ਜਤਾਈ ਗਈ। ਇਸਤੇ ਫੈਸਲਾ ਲੈਂਦੇ ਹੋਏ ਪਾਸ ਕੀਤਾ ਗਿਆ ਕਿ ਸਵੱਛ ਭਾਰਤ ਮਿਸ਼ਨ ਤਹਿਤ ਜੋ ਵੀ ਫੰਡਜ਼ ਪ੍ਰਾਪਤ ਹੁੰਦੇ ਹਨ, ਉਹਨਾਂ ਨੂੰ ਖਰਚਣ ਲਈ ਪਹਿਲਾਂ ਕੇਸ ਸਬ-ਕਮੇਟੀ ਪਾਸੋਂ ਵਿਚਾਰਿਆ ਜਾਵੇਗਾ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸ੍ਰ: ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਬਣੀਆਂ ਪਾਰਕਿੰਗਾਂ ਵਿੱਚ ਠੇਕੇਦਾਰ ਵੱਲੋਂ ਲੋਕਾਂ ਨਾਲ ਲੁੱਟ-ਖਸੁੱਟ ਕੀਤੀ ਜਾ ਰਹੀ ਹੈ ਅਤੇ ਨਗਰ ਨਿਗਮ ਵੱਲੋਂ ਤੈਅ ਰੇਟਾਂ ਤੋਂ ਵੱਧ ਰੇਟ ਚਾਰਜ਼ ਕੀਤੇ ਜਾ ਰਹੇ ਹਨ। ਇਸਤੇ ਸ੍ਰ: ਨਿਰਮਲ ਸਿੰਘ ਸੰਧੂ, ਕੌਂਸਲਰ ਨੇ ਕਿਹਾ ਕਿ ਪਹਿਲਾਂ ਵੀ ਕਈ ਵਾਰ ਇਸ ਸਬੰਧੀ ਜਾਣੂ ਕਰਵਾਇਆ ਗਿਆ ਹੈ। ਉਹਨਾਂ ਦਸਿਆ ਕਿ ਸਿਰਫ ਸ਼ਹਿਰ ਦੇ ਲੋਕਾਂ ਵੱਲੋਂ ਹੀ ਨਹੀਂ, ਸਗੋਂ ਚੁਣੇ ਹੋਏ ਨੁਮਾਇੰਦਿਆਂ ਪਾਸੋਂ ਵੀ ਵੱਧ ਰੇਟ ਚਾਰਜ਼ ਕੀਤੇ ਜਾਂਦੇ ਹਨ। ਉਹਨਾਂ ਦਸਿਆ ਕਿ ਸਬੂਤ ਦੇ ਤੌਰ ਤੇ ਉਹ ਪਹਿਲਾਂ ਵੀ ਕਈ ਪਰਚੀਆਂ ਦੀ ਕਾਪੀ ਨਗਰ ਨਿਗਮ ਦੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਨੂੰ ਦੇ ਚੁੱਕੇ ਹਨ, ਪਰੰਤੂ ਅਜੇ ਤੱਕ ਸਬੰਧਤ ਠੇਕੇਦਾਰ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਸ੍ਰ: ਹਰਜਿੰਦਰ ਸਿੰਘ ਟੋਨੀ, ਸ੍ਰ: ਹਰਜਿੰਦਰ ਸਿੰਘ ਸ਼ਿੰਦਾ ਅਤੇ ਹੋਰ ਕਈ ਕੌਂਸਲਰ ਸਾਹਿਬਾਨ ਨੇ ਇਸਦੀ ਤਾਇਦ ਕੀਤੀ। ਸ੍ਰ: ਗੁਰਸੇਵਕ ਸਿੰਘ ਮਾਨ ਅਤੇ ਸ੍ਰ: ਨਿਰਮਲ ਸਿੰਘ ਸੰਧੂ, ਕੌਂਸਲਰਜ਼ ਨੇ ਕਿਹਾ ਕਿ ਹਾਊਸ ਦੀ ਪਿਛਲੀ ਮੀਟਿੰਗ ਵਿੱਚ ਇਸ ਸਬੰਧੀ ਬਣਾਈ ਸਬ-ਕਮੇਟੀ ਵੱਲੋਂ ਆਪਣਾ ਫੈਸਲਾ ਦਿੱਤੇ ਤਕਰੀਬਨ 10 ਦਿਨ ਹੋ ਚੁੱਕੇ ਹਨ। ਪਰੰਤੂ ਫਿਰ ਵੀ ਰਿਪੋਰਟ ਮੁਤਾਬਿਕ ਕੋਈ ਵੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਉਹਨਾਂ ਕਿਹਾ ਕਿ ਇਸ ਨਾਲ ਜਾਪਦਾ ਹੈ ਕਿ ਤਹਿਬਾਜਾਰੀ ਦੇ ਸਬੰਧਤ ਅਧਿਕਾਰੀਆਂ ਵੱਲੋਂ ਇਸ ਠੇਕੇਦਾਰ ਨੂੰ ਲਾਭ ਦੇਣ ਖਾਤਰ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ। ਉਹਨਾਂ ਦਸਿਆ ਕਿ ਮਾਹ ਮਈ ਦੌਰਾਨ ਇਸ ਠੇਕੇਦਾਰ ਦਾ ਠੇਕਾ ਖਤਮ ਹੋ ਜਾਵੇਗਾ ਅਤੇ ਉਹ ਆਪਣੀ ਬਣਦੀ ਸਕਿਊਰਟੀ ਵਾਪਸ ਲੈ ਜਾਵੇਗਾ। ਇਸ ਨਾਲ ਜਿੱਥੇ ਨਗਰ ਨਿਗਮ ਦਾ ਅਕਸ ਖਰਾਬ ਹੋਵੇਗਾ, ਉੱਥੇ ਸਬੰਧਤ ਲੋਕਾਂ ਨਾਲ ਲੁੱਟ-ਖਸੁੱਟ ਵੀ ਆਮ ਜਿਹੀ ਗੱਲ ਹੋ ਜਾਵੇਗੀ। ਉਹਨਾਂ ਅੱਜ ਹੀ ਸਬ-ਕਮੇਟੀ ਵੱਲੋਂ ਕੀਤੀ ਰਿਪੋਰਟ ਅਨੁਸਾਰ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਬਹੁ-ਸੰਖਿਆ ਵਿੱਚ ਕੌਂਸਲਰ ਸਾਹਿਬਾਨ ਵੱਲੋਂ ਸਹਿਮਤੀ ਜਤਾਈ ਗਈ।

ਇਸਤੇ ਸਰਵ-ਸੰਮਤੀ ਨਾਲ ਫੈਸਲਾ ਲੈਂਦੇ ਹੋਏ ਪਾਸ ਕੀਤਾ ਗਿਆ ਕਿ ਸਬ-ਕਮੇਟੀ ਵੱਲੋਂ ਜੋ ਵੀ ਰਿਪੋਰਟ ਕੀਤੀ ਗਈ ਹੈ, ਉਸ ਅਨੁਸਾਰ ਕਾਰਵਾਈ ਕਰਦੇ ਹੋਏ ਅੱਜ ਦੀ ਮੀਟਿੰਗ ਵਿੱਚ ਉਕਤ ਠੇਕੇਦਾਰ ਦਾ ਠੇਕਾ ਤੁਰੰਤ ਰੱਦ ਕੀਤਾ ਜਾਂਦਾ ਹੈ, ਅਤੇ ਠੇਕੇਦਾਰ ਨੂੰ ਬਲੈਕ ਲਿਸਟ ਕੀਤਾ ਜਾਂਦਾ ਹੈ। ਇਸ ਠੇਕੇਦਾਰ ਵੱਲੋਂ ਜਮਾਂ ਕਰਵਾਈ ਸਕਿਊਰਟੀ ਜਬਤ ਕੀਤੀ ਜਾਵੇ ਅਤੇ ਇਸ ਠੇਕੇਦਾਰ ਦੇ ਖਿਲਾਫ ਲੋਕਾਂ ਪਾਸੋਂ ਜਿਆਦਾ ਪੈਸੇ ਵਸੂਲਣ ਲਈ ਬਣਦੀ ਪੁਲਿਸ ਦੀ ਕਾਰਵਾਈ ਕੀਤੀ ਜਾਵੇ। ।

ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਵਾਰ-ਵਾਰ ਜਾਣੂ ਕਰਵਾਉਣ ਦੇ ਬਾਵਜੂਦ ਵੀ ਤਹਿਬਾਜਾਰੀ ਦੇ ਸਬੰਧਤ ਅਧਿਕਾਰੀਆਂ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਇਹ

ਤਹਿਬਾਜਾਰੀ ਦੇ ਸਬੰਧਤ ਅਧਿਕਾਰੀਆਂ ਦੀ ਵੀ ਡਿਊਟੀ ਬਣਦੀ ਸੀ, ਕਿ ਜੋ ਵੀ ਨਗਰ ਨਿਗਮ ਦਾ ਠੇਕੇਦਾਰ ਲੋਕਾਂ ਨਾਲ ਲੁੱਟ-ਖਸੁੱਟ ਕਰ ਰਿਹਾ ਹੈ, ਉਸ ਠੇਕੇਦਾਰ ਖਿਲਾਫ ਬਣਦੀ ਕਾਰਵਾਈ ਕਰਦੇ। ਉਹਨਾਂ ਸਬੰਧਤ ਤਹਿਬਜਾਰੀ ਅਧਿਕਾਰੀਆਂ/ਕਰਮਚਾਰੀਆਂ ਸ੍ਰ: ਕੁਲਵਿੰਦਰ ਸਿੰਘ ਸੁਪਰਡੈਂਟ ਅਤੇ ਸ੍ਰ: ਰਵਿੰਦਰ ਸਿੰਘ ਚੀਮਾ, ਇੰਸਪੈਕਟਰ ਖਿਲਾਫ ਵੀ ਕਾਰਵਾਈ ਕਰਨ ਦੀ ਮੰਗ ਕੀਤੀ।

ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ ਇਨਕੁਆਰੀ ਕਰਾਈ ਜਾਵੇਗੀ। ਇਨਕੁਆਰੀ ਕਰਾਉਣ ਲਈ ਸ੍ਰੀ ਸੰਦੀਪ ਗੁਪਤਾ, ਨਿਗਮ ਇੰਜੀਨੀਅਰ ਦੀ ਡਿਊਟੀ ਲਗਾਈ ਗਈ। ਇਸਤੇ ਕੌਂਸਲਰ ਸਾਹਿਬਾਨਾਂ ਨੇ ਮੰਗ ਕੀਤੀ ਕਿ ਇਨਕੁਆਰ ਲਈ ਸ੍ਰੀ ਸੰਦੀਪ ਗੁਪਤਾ, ਨਿਗਮ ਇੰਜੀਨੀਅਰ ਤੋਂ ਇਲਾਵਾ ਹਾਊਸ ਵਿੱਚੋਂ ਚੁਣੇ ਹੋਏ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣ। ਇਸਤੇ ਮਾਨਯੋਗ ਮੇਅਰ ਸਾਹਿਬ ਵੱਲੋਂ ਫੈਸਲਾ ਲੈਂਦੇ ਹੋਏ ਤਹਿਬਾਜਾਰੀ ਦੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਕਾਰਵਾਈ ਨਾ ਕਰਨ ਦੇ ਸਬੰਧ ਵਿੱਚ ਸ੍ਰੀ ਸਦੀਪ ਗੁਪਤਾ, ਨਿਗਮ ਇੰਜੀਨੀਅਰ ਤੋਂ ਇਲਾਵਾ ਸ੍ਰ: ਬਲਜੀਤ ਸਿੰਘ ਸਰਾਂ, ਸ੍ਰ: ਹਰਜਿੰਦਰ ਸਿੰਘ ਸ਼ਿੰਦਾ, ਸ੍ਰ: ਸੁਖਮਿੰਦਰ ਸਿੰਘ ਅਤੇ ਸ੍ਰੀ ਰਾਜ ਕੁਮਾਰ ਗੋਇਲ ਦੀ ਇੱਕ ਸਬ-ਕਮੇਟੀ ਬਣਾਈ ਗਈ।

ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਪਿਛਲੇ 20 ਦਿਨਾਂ ਤੋਂ ਪੀਣ ਵਾਲੇ ਪਾਣੀ ਦੀ ਸਮੱਸਿਆ ਬਣੀ ਹੋਈ ਹੈ। ਉਹਨਾਂ ਇਸ ਸਮੱਸਿਆ ਦੇ ਹੱਲ ਲਈ ਸ਼ਹਿਰ ਦੀਆਂ ਝੀਲਾਂ ਨਗਰ ਨਿਗਮ ਵੱਲੋਂ ਟੇਕ ਓਵਰ ਕਰਨ ਦੀ ਮੰਗ ਕੀਤੀ, ਤਾਂ ਜੋ ਉਹਨਾਂ ਵਿੱਚ ਪੀਣ ਵਾਲਾ ਪਾਣੀ ਸਟੋਰ ਕੀਤਾ ਜਾ ਸਕੇ ਅਤੇ ਲੋੜ ਪੈਣ ਤੇ ਲੋਕਾਂ ਨੂੰ ਮੁੱਹਈਆ ਕਰਵਾਇਆ ਜਾ ਸਕੇ।

ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਪੁੱਛਿਆ ਕਿ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਜੋ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਰੇਕ ਵਾਰਡ ਦਾ ਨੋਡਲ ਅਫਸਰ ਬਣਾ ਕੇ ਹਰ ਵਾਰਡ ਵਿੱਚ ਉਹਨਾਂ ਨੋਡਲ ਅਫਸਰਾਂ ਦੇ ਤਿੰਨ-ਤਿੰਨ ਬੋਰਡ ਲਗਾਉਣ ਲਈ ਜੋ ਹੁਕਮ ਕੀਤੇ ਹਨ, ਕੀ ਇਸ ਨਾਲ ਚੁਣੇ ਹੋਏ ਨੁਮਾਇੰਦਿਆਂ ਦੇ ਹੱਕਾਂ ਤੇ ਮਾੜਾ ਪ੍ਰਭਾਵ ਨਹੀਂ ਪਵੇਗਾ। ਇਸਤੇ ਸਮੁੱਚੇ ਹਾਊਸ ਵੱਲੋਂ ਖੜ੍ਹੇ ਹੋ ਕੇ ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਦੇ ਹੱਕ ਵਿੱਚ ਸਹਿਮਤੀ ਜਤਾਈ ਅਤੇ ਕਿਹਾ ਕਿ ਨੋਡਲ ਅਫਸਰਾਂ ਦੇ ਹਰ ਵਾਰਡ ਵਿੱਚ ਤਿੰਨ-ਤਿੰਨ ਬੋਰਡ ਲਗਣ ਨਾਲ ਵਾਰਡ ਦੇ ਚੁਣੇ ਹੋਏ ਨੁਮਾਇੰਦੇ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਵੇਗੀ।

ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਦਸਿਆ ਗਿਆ ਕਿ ਸਰਕਾਰ ਦੁਆਰਾ ਹਰ ਵਾਰਡ ਵਿੱਚ ਨੋਡਲ ਅਫਸਰ ਲਗਾਉਣ ਲਈ ਚਿੱਠੀ ਜਾਰੀ ਕੀਤੀ ਗਈ ਹੈ। ਇਸਤੇ ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਹਾਊਸ ਵਿੱਚ ਸਰਕਾਰ ਦੀ ਚਿੱਠੀ ਪੜ੍ਹ ਕੇ ਸੁਣਾਈ, ਜਿਸ ਅਨੁਸਾਰ ਸਿਰਫ ਸਵੱਛ ਭਾਰਤ ਮਿਸ਼ਨ ਤਹਿਤ ਚੀਫ ਸੈਨਟਰੀ ਇੰਸਪੈਕਟਰ ਨੂੰ ਹਰ ਵਾਰਡ ਵਿੱਚ ਸਫਾਈ ਸੁੱਚਜੇ ਢੰਗ ਨਾਲ ਕਰਾਉਣ ਲਈ ਆਪਣੇ ਅਧੀਨ ਕੰਮ ਕਰ ਰਹੇ ਸੈਨਟਰੀ ਇੰਸਪੈਕਟਰ/ ਸੈਨਟਰੀ ਸੁਪਰਵਾਇਜ਼ਰਾਂ ਦੀ ਦੇਖਰੇਖ ਕਰਨ ਲਈ ਲਿਖਿਆ ਗਿਆ ਹੈ, ਨਾਂ ਕਿ ਹਰ ਕੰਮ ਲਈ ਅਧਿਕਾਰੀਆਂ/ਕਰਮਚਾਰੀਆਂ ਨੂੰ ਨੋਡਲ ਅਫਸਰ ਬਨਾਉਣ ਲਈ ਲਿਖਿਆ ਗਿਆ ਹੈ। ਉਹਨਾਂ ਕਿਹਾ ਕਿ ਸਰਕਾਰ ਦੇ ਪੱਤਰ ਮੁਤਾਬਿਕ ਹੀ ਕਾਰਵਾਈ ਕੀਤੀ ਜਾਵੇ। ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਇੱਕ ਚੁਣੇ ਹੋਏ ਨੁਮਾਇੰਦੇ ਦੇ ਕਹਿਣ ਤੇ ਫੰਡਜ਼ ਘੱਟ ਹੋਣ ਦਾ ਹਵਾਲਾ ਦੇ ਕੇ ਕੋਈ ਬੋਰਡ ਤਾਂ ਲਗਾਇਆ ਨਹੀਂ ਜਾਂਦਾ। ਹੁਣ ਹਰ ਨੋਡਲ ਅਫਸਰ ਦੇ ਤਿੰਨ-ਤਿੰਨ ਬੋਰਡ ਕਿੰਨ੍ਹਾ ਫੰਡਾਂ ਵਿੱਚੋਂ ਲਗਾਏ ਜਾਣਗੇ? ਉਹਨਾਂ ਵੀ ਹਰ ਨੋਡਲ ਅਫਸਰ ਦੇ ਤਿੰਨ-ਤਿੰਨ ਬੋਰਡ ਲਗਾਉਣ ਦਾ ਪੁਰਜੋਰ ਵਿਰੋਧ ਕੀਤਾ। ਸਮੁੱਚੇ ਹਾਊਸ ਵੱਲੋਂ ਮੇਜ਼ਾਂ ਥਪਥਪਾ ਕੇ ਕਿਹਾ ਗਿਆ ਕਿ ਅਸੀ ਵਾਰਡਾਂ ਵਿੱਚ ਨੋਡਲ ਅਫਸਰਾਂ ਦੇ ਲਗਾਉਣ ਅਤੇ ਉਹਨਾਂ ਦੇ ਨਾਵਾਂ ਦੇ ਤਿੰਨ-ਤਿੰਨ ਬੋਰਡ ਲਗਾਉਣ ਨਾਲ ਸਹਿਮਤ ਨਹੀਂ ਹਾਂ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਬਣੇ ਟੋਭੇ ਵਿੱਚ ਲਾਲ ਸਿੰਘ ਬਸਤੀ, ਸੰਜੇ ਨਗਰ, ਅਮਰਪੁਰਾ ਬਸਤੀ, ਸੰਗੂਆਣਾ ਬਸਤੀ ਆਦਿ ਦਾ ਕੂੜਾ ਸੁੱਟਿਆ ਜਾ ਰਿਹਾ ਹੈ। ਹਵਾ ਚਲਣ ਨਾਲ ਇਹ ਕੂੜਾ ਉੱਡ ਕੇ ਲੋਕਾਂ ਦੇ ਘਰਾਂ ਵਿੱਚ ਆਉਂਦਾ ਹੈ। ਇਸ ਨਾਲ ਲੋਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦਸਿਆ ਕਿ ਇਸ ਟੋਭੇ ਦੇ ਆਸ-ਪਾਸ ਬਣੀ ਸਰਕਾਰੀ ਦੀਵਾਰ ਵੀ ਕੁੱਝ ਲੋਕਾਂ ਵੱਲੋਂ ਢਾਹ ਦਿੱਤੀ ਗਈ ਅਤੇ ਇਸ ਜਗ੍ਹਾ ਲੱਗਾ ਸਰਕਾਰੀ ਬੋਰਡ ਵੀ ਢਾਹ ਦਿੱਤਾ ਗਿਆ। ਪਰੰਤੂ ਵਾਰ-ਵਾਰ ਇਸ ਸਬੰਧੀ ਕਹਿਣ ਦੇ ਬਾਵਜੂਦ ਵੀ ਅਜੇ ਤੱਕ ਸਰਕਾਰੀ ਦੀਵਾਰ ਅਤੇ ਸਰਕਾਰੀ ਬੋਰਡ ਢਾਉਣ ਵਾਲਿਆਂ ਦੇ ਖਿਲਾਫ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਉਹਨਾਂ ਕਿਹਾ ਕਿ ਜਲਦ ਤੋਂ ਜਲਦ ਦੁਬਾਰਾ ਬੋਰਡ ਲਗਾਇਆ ਜਾਵੇ ਤਾਂ ਜੋ ਲੋਕਾਂ ਵੱਲੋਂ ਨਜਾਇਜ ਤੋਰ ਤੇ ਕਬਜਾ ਨਾ ਕੀਤਾ ਜਾ ਸਕੇ।

ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਸ੍ਰੀ ਸੰਦੀਪ ਗੁਪਤਾ, ਨਿਗਮ ਇੰਜੀਨੀਅਰ ਅਤੇ ਸ੍ਰੀ ਸਤੀਸ਼ ਕੁਮਾਰ, ਚੀਫ ਸੈਨਟਰੀ ਇੰਸਪੈਕਟਰ ਦੀ ਡਿਊਟੀ ਲਗਾਉਂਦੇ ਹੋਏ ਹਦਾਇਤ ਕੀਤੀ ਕਿ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਕੋਈ ਵੀ ਜਿੱਤਿਆ ਹੋਇਆ ਨੁਮਾਇੰਦਾਂ ਜੱਦ ਕੋਈ ਗੱਲ ਕਹਿੰਦਾ ਹੈ ਤਾਂ ਉਸਦੀ ਹਰ ਗੱਲ ਸੁਣੀ ਜਾਵੇ। ਉਹਨਾਂ ਕਿਹਾ ਕਿ ਪਹਿਲਾਂ ਵੀ ਕੰਧ ਬਨਾਉਣ ਅਤੇ ਬੋਰਡ ਲਗਾਉਣ ਦੀ ਹਦਾਇਤ ਕੀਤੀ ਗਈ ਸੀ। ਉਹਨਾਂ ਪੁੱਛਿਆ ਕਿ ਕੰਮ ਅਜੇ ਤੱਕ ਕਿਉਂ ਨਹੀਂ ਕੀਤਾ ਗਿਆ? ਉਹਨਾਂ ਜਲਦ ਤੋਂ ਜਲਦ ਬੋਰਡ ਲਗਾਉਣ ਅਤੇ ਕੂੜੇ ਵਾਲੇ ਡੰਪ ਨੂੰ ਕਵਰ ਕਰਨ ਦੀ ਹਦਾਇਤ ਕੀਤੀ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਬੀਕਾਨੇਰ ਫਾਟਕ ਕੋਲ ਸੰਗੂਆਣਾ ਬਸਤੀ ਵਿੱਚ ਪਾਣੀ ਦੀ ਲੀਕੇਜ਼ ਹੋ ਰਹੀ ਹੈ, ਜੋ ਕਿ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਠੀਕ ਨਹੀਂ ਕੀਤੀ ਜਾ ਰਹੀ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਉਕਤ ਲੀਕੇਜ਼ ਬੰਦ ਕੀਤੀ ਜਾਵੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸਕੂਲ ਦੀ ਹਾਲਤ ਬਹੁਤ ਖਸਤਾ ਹੈ। ਉਹਨਾਂ ਪੁੱਛਿਆ ਕਿ ਉਹਨਾਂ ਵੱਲੋਂ ਜੋ ਸਕੂਲ ਖਾਤਰ 1500 ਗਜ਼ ਜਗ੍ਹਾ ਦੀ ਮੰਗ ਕੀਤੀ ਗਈ ਸੀ, ਉਸ ਸਬੰਧੀ ਜਵਾਬ ਦਿੱਤਾ ਜਾਵੇ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਸਕੂਲ ਨੂੰ ਜਗ੍ਹਾ ਦੇਣ ਖਾਤਰ ਹਾਊਸ ਵੱਲੋਂ ਮਤਾ ਪਾਸ ਕਰਕੇ ਸਰਕਾਰ ਪਾਸ ਭੇਜਿਆ ਜਾ ਚੁੱਕਾ ਹੈ। ਉਹਨਾਂ ਸਰਕਾਰ ਵੱਲੋਂ ਮਤੇ ਤੇ ਕੀਤੀ ਕਾਰਵਾਈ ਬਾਰੇ ਜਲਦ ਤੋਂ ਜਲਦ ਜਵਾਬ ਮੰਗਵਾਉਣ ਦੀ ਮੰਗ ਕੀਤੀ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਮੁਲਤਾਨੀਆ ਪੁੱਲ ਦੇ ਕੋਲ, ਡੀ.ਡੀ. ਮਿੱਤਲ ਟਾਵਰ ਕਲੋਨੀ ਵਿੱਚ ਪਾਣੀ ਸਟੋਰ ਕਰਨ ਲਈ ਕਲੋਨਾਇਜ਼ਰ ਵੱਲੋਂ ਵੱਡੇ-ਵੱਡੇ ਟੈਕ ਬਣਾਏ ਹੋਏ ਹਨ। ਪਾਣੀ ਦੀ ਸਪਲਾਈ ਉਕਤ ਕਲੋਨੀ ਨੂੰ ਦੇਣ ਨਾਲ ਉਹਨਾਂ ਦੇ ਏਰੀਏ ਵਿੱਚ ਪਾਣੀ ਨਹੀਂ ਆ ਰਿਹਾ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਕਤ ਏਰੀਏ ਵਿੱਚ ਆ ਰਹੀ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਕਈ ਥਾਂਈਂ ਲੀਕ ਹੋ ਰਹੀਆਂ ਹਨ, ਜਿਸ ਨਾਲ ਲੋਕਾਂ ਨੂੰ ਪੀਣ ਵਾਲਾ ਪਾਣੀ ਮੁੱਹਈਆ ਨਹੀਂ ਕਰਵਾਇਆ ਜਾ ਰਿਹਾ। ਇਸਤੇ ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ ਨੇ ਕਿਹਾ ਕਿ ਜਲਦ ਹੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਨਵੀਆਂ ਪਾਈਪਾਂ ਪਾਉਣ ਦਾ ਤਖਮੀਨਾ ਪ੍ਰਾਪਤ ਹੋਣ ਤੇ ਨਵੀਂਆਂ ਪਾਈਪਾਂ ਪਾ ਦਿੱਤੀਆਂ ਜਾਣਗੀਆਂ।

ਸ੍ਰ: ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਪਿਛਲੇ ਦਿਨੀ ਬੀਬਾ ਹਰਸਿਮਰਤ ਕੋਰ ਜੀ ਬਾਦਲ, ਫੂਡ ਪ੍ਰੋਸੈਸਿੰਗ ਮੰਤਰੀ, ਭਾਰਤ ਸਰਕਾਰ, ਨਵੀਂ ਦਿੱਲੀ, ਦਸ਼ਮੇਸ਼ ਸਕੂਲ ਵਾਲਿਆਂ ਦੇ ਘਰ ਆਏ ਸਨ। ਉਹਨਾਂ ਦੇ ਜਾਣ ਤੋਂ ਬਾਅਦ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਸਾਰੀ 100 ਫੁੱਟ ਚੌੜ੍ਹੀ ਸੜ੍ਹਕ ਤੇ ਸਿਰਫ ਉਹਨਾਂ ਨੂੰ ਹੀ ਥੜੀਆਂ ਢਾਉਣ ਦਾ ਨੋਟਿਸ ਕੱਢਿਆ ਗਿਆ। ਉਹਨਾਂ ਪੁੱਛਿਆ ਕਿ ਇਹ ਦਸਿਆ ਜਾਵੇ ਕਿ ਨੋਟਿਸ ਕਿਸ ਦੇ ਹੁਕਮਾਂ ਨਾਲ ਕੱਢਿਆ ਗਿਆ ਹੈ ਅਤੇ ਸਾਰੀ ਗਲੀ ਨੂੰ ਛੱਡ ਕੇ ਨੋਟਿਸ ਸਿਰਫ ਇਹਨਾਂ ਨੂੰ ਹੀ ਕਿਉਂ ਕੱਢਿਆ ਗਿਆ? ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਸ਼ਹਿਰ ਵਿੱਚ 18 ਸੜ੍ਹਕਾਂ ਤੇ ਦੱਬ ਦੂਰ ਕਰਨ ਲਈ ਨੋਟਿਸ ਕੱਢੇ ਗਏ ਹਨ। ਕਿਸੇ ਇੱਕ ਵਿਅਕਤੀ ਨੂੰ ਨੋਟਿਸ ਨਹੀਂ ਕੱਢਿਆ ਗਿਆ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਕੋਈ ਵੀ ਕੰਮ ਮਾੜੀ ਮਨਸ਼ਾ ਨਾਲ ਨਾ ਕੀਤਾ ਜਾਵੇ। ਜੋ ਵੀ ਕੰਮ ਲੋਕ ਹਿੱਤ ਵਿੱਚ ਹੋਵੇ, ਉਹ ਕੰਮ ਕੀਤਾ ਜਾਵੇ।

**ਏਜੰਡਾ ਨੰਬਰ: 2**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਹਰ ਸਾਲ ਡੇਂਗੂ, ਚਿਕਨਗੂਨੀਆ ਅਤੇ ਮਲੇਰੀਆ ਦੀ ਰੋਕਥਾਮ ਲਈ ਹਰ ਸਾਲ ਮਹੀਨਾ ਅਪ੍ਰੈਲ ਤੋਂ ਸ਼ਹਿਰ ਅੰਦਰ ਫੋਗਿੰਗ ਸਪਰੇਅ ਕਰਵਾਈ ਜਾਂਦੀ ਹੈ। ਸਰਕਾਰ ਵੱਲੋਂ ਫੋਗ ਸਪਰੇਅ ਕਰਵਾਉਣ ਲਈ ਦਵਾਈ ਮੈਲਾਥੀਨ ਟੈਕਨੀਕਲ 95% ਦੀ ਵਰਤੋਂ ਕਰਨ ਦੀ ਹਦਾਇਤ ਹੋਈ ਹੈ। ਸੋ ਇਸ ਮੰਤਵ ਲਈ ਸਰਕਾਰ ਵੱਲੋਂ ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ. ਨਗਰ ਮੋਹਾਲੀ ਵੱਲੋਂ ਪੰਜਾਬ ਰਾਜ ਦੀਆਂ ਸਾਰੀਆਂ ULBs ਤੋਂ ਫੋਗਿੰਗ ਲਈ ਵਰਤੀ ਜਾਣ ਵਾਲੀ ਦਵਾਈ ਮੈਲਾਥੀਨ ਟੈਕਨੀਕਲ 95% ਦੀ ਸਲਾਨਾ (2018-19) ਜਰੂਰਤ ਸਬੰਧੀ ਸੂਚਨਾਂ ਇੱਕਤਰ ਕਰਕੇ Centralized Procurement ਲਈ ਈ-ਟੈਂਡਰ ਲਗਾਏ ਜਾਣੇ ਹਨ। ਸੋ ਇਸ ਸਬੰਧੀ ਨਗਰ ਨਿਗਮ ਬਠਿੰਡਾ ਨੂੰ ਸਾਲ 2018-19 ਲਈ ਦਵਾਈ ਮੈਲਾਥੀਨ ਟੈਕਨੀਕਲ 95% ਦੀ ਵਰਤੋਂ ਲਗਭਗ 30 ਡਰਮ ਦੀ ਜਰੂਰਤ ਹੈ।

ਇਸ ਸਬੰਧੀ ਸਟੋਰ ਕੀਪਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਮੈਲਾਥੀਨ ਟੈਕਨੀਕਲ 95% ਜੋ ਮਾਰਕਫੈਡ ਐਗਰੋ ਕੈਮੀਕਲ ਤੋਂ ਮੰਗਵਾਈ ਸੀ, ਉਸਦੇ ਡਰਮ 250 ਕਿਲੋ ਦੀ ਕੀਮਤ 68750/- ਰੁਪਏ ਸਮੇਤ ਟੈਕਸ ਸੀ। ਇਸ ਲਈ 68750 x 30 ਡਰਮ = 20,62,500/- ਰੁਪਏ ਦੀ ਦਵਾਈ ਦੀ ਸਾਲ 2018-19 ਲਈ ਲੋੜ੍ਹ ਹੈ। ਇਸ ਦਵਾਈ ਦੇ ਜੇਕਰ ਰੇਟ ਘਟਦੇ/ਵਧਦੇ ਜਾਂ ਸੈਂਟਰ/ਸਟੇਟ ਦੇ ਟੈਕਸ ਵਿੱਚ ਘਾਟਾ ਵਾਧਾ ਹੁੰਦਾ ਹੈ ਤਾਂ ਉਸਦੀ ਵੀ ਨਿਗਮ ਹਾਊਸ ਤੋਂ ਪ੍ਰਵਾਨਗੀ ਲੈਣ ਦੀ ਲੋੜ੍ਹ ਹੈ। ਇਸ ਲਈ ਉਕਤ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 2:** | **ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਡੇਂਗੂ, ਚਿਕਨਗੂਨੀਆ ਅਤੇ ਮਲੇਰੀਆ ਦੀ ਰੋਕਥਾਮ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਸ.ਏ.ਐਸ. ਨਗਰ ਮੋਹਾਲੀ ਵੱਲੋਂ ਦਵਾਈ ਖਰੀਦ ਕਰਨ ਵਿੱਚ ਸਮਾਂ ਲੱਗ ਸਕਦਾ ਹੈ। ਇਸ ਲਈ ਫਿਲਹਾਲ ਇਹ ਦਵਾਈ ਲੋਕਲ ਲੇਵਲ ਤੇ ਖਰੀਦ ਕਰ ਲਈ ਜਾਵੇ।** |

| **ਮਤਾ ਨੰਬਰ** | **ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018** |
|---|---|
| 2 | **ਹਾਲ ਦੀ ਘੜੀ ਲੋੜ ਅਨੁਸਾਰ ਖਰੀਦ ਕਰ ਲਈ ਜਾਵੇ।** |

**ਏਜੰਡਾ ਨੰਬਰ: 3**

ਰਿਪੋਰਟ ਸਿਹਤ ਸ਼ਾਖਾ ਕਿ ਬਠਿੰਡਾ ਸ਼ਹਿਰ ਦੇ ਅਵਾਰਾ ਕੁੱਤੇ/ਕੁੱਤੀਆਂ ਦੀ ਨਸਬੰਦੀ ਕਰਨ ਦਾ ਠੇਕਾ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਬਠਿੰਡਾ ਵੱਲੋਂ ਮੈਸ: ਤ੍ਰਿਪਤੀ ਫਾਉਂਡੇਸ਼ਨ, ਅਲੀਗੜ੍ਹ ਠੇਕੇਦਾਰ ਨੂੰ ਦਿੱਤਾ ਗਿਆ ਸੀ। ਠੇਕੇਦਾਰ ਦੇ ਡਾਕਟਰਾਂ ਵੱਲੋਂ ਅਵਾਰਾ ਕੁੱਤੇ/ਕੁੱਤੀਆਂ ਦੀ ਨਸਬੰਦੀ ਕਰਨ ਦੋਰਾਨ ਛੇ ਕੁੱਤਿਆਂ ਦੀ ਮੋਤ ਹੋ ਜਾਣ ਤੇ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਵੱਲੋਂ ਪੜਤਾਲ ਕੀਤੀ ਗਈ। ਜਿਸ ਦੋਰਾਨ ਇਹ ਫੈਸਲਾ ਲਿਆ ਗਿਆ ਕਿ ਠੇਕੇਦਾਰ ਨੇ ਗਲਤੀ ਮੰਨ ਲਈ ਹੈ, ਜਿਸਨੂੰ ਮੁੱਖ ਰਖਦੇ ਹੋਏ ਡਿਪਟੀ ਡਾਇਰੈਕਟਰ ਵੱਲੋਂ ਠੇਕੇਦਾਰ ਨੂੰ ਬਲੈਕ ਲਿਸਟ ਕਰ ਦਿੱਤਾ ਹੈ। ਨਾਲ ਹੀ ਠੇਕੇਦਾਰ ਵੱਲੋਂ ਕਰਵਾਏ ਗਏ 684 ਕੁੱਤਿਆਂ ਦੀ ਨਸਬੰਦੀ ਦੀ ਅਦਾਇਗੀ ਨਾ ਕਰਨ ਬਾਰੇ ਉਸ ਸਮੇਂ ਦੇ ਮਾਨਯੋਗ ਕਮਿਸ਼ਨਰ ਸਾਹਿਬ ਜੀ ਨਾਲ ਮੀਟਿੰਗ ਕੀਤੀ ਗਈ ਤੇ ਵਿਚਾਰ ਕੀਤਾ ਗਿਆ ਕਿ ਇਸ ਮਤੇ

ਦੀ ਪ੍ਰਵਾਨਗੀ ਲਈ ਕੇਸ ਹਾਊਸ ਦੀ ਮੀਟਿੰਗ ਵਿੱਚ ਵਿਚਾਰਿਆ ਜਾਵੇ ਕਿ ਠੇਕੇਦਾਰ ਨੂੰ ਅਵਾਰਾ ਕੁੱਤੇ/ ਕੁੱਤੀਆਂ ਦੇ ਕੀਤੇ ਗਏ 684 ਕੁੱਤਿਆਂ ਦੇ ਆਪਰੇਸ਼ਨ ਦੀ ਅਦਾਇਗੀ ਨਾ ਕੀਤੀ ਜਾਵੇ। ਉਕਤ ਫੈਸਲਾ ਮਾਨਯੋਗ ਕਮਿਸ਼ਨਰ ਸ਼੍ਰੀ ਸੰਯਮ ਅਗਰਵਾਲ, ਆਈ.ਏ.ਐਸ. ਜੀ ਨੇ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਜੀ ਨਾਲ ਮੀਟਿੰਗ ਵਿੱਚ ਲਿਆ ਗਿਆ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 3: | **ਪ੍ਰਵਾਨ ਹੈ।** |

| ਮਤਾ ਨੰਬਰ | ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018 |
|---|---|
| 3 | **ਸਰਕਾਰ ਦੇ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।** |

**ਏਜੰਡਾ ਨੰਬਰ:** 4

ਰਿਪੋਰਟ ਓ.ਐਂਡ ਐਮ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰਬਰ 3 ਬਠਿੰਡਾ ਵੱਲੋਂ ਸਾਲ 2017-18 ਦਾ 135.61 ਲੱਖ ਰੁਪਏ ਦਾ ਅਰਬਨ ਫੇਸ-ਪਹਿਲਾ ਅਤੇ ਦੂਜਾ ਦਾ ਐਸਟੀਮੇਟ ਸਲਾਨਾ ਦੇਖਭਾਲ ਭਾਗੂ ਰੋਡ ਵਾਟਰ ਵਰਕਸ ਦਾ ਪ੍ਰਾਪਤ ਹੋਇਆ ਹੈ। ਕਾਰਜਕਾਰੀ ਇੰਜੀਨੀਅਰ ਵੱਲੋਂ ਐਸਟੀਮੇਟ ਭੇਜ ਕੇ ਬੇਨਤੀ ਕੀਤੀ ਹੈ ਕਿ ਉਕਤ ਕੰਮ ਦੇ ਤਖਮੀਨੇ ਵਿਰੁੱਧ ਫੰਡਜ਼ ਟਰਾਂਸਫਰ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਜਰੂਰੀ ਅਦਾਇਗੀਆਂ ਜਿਵੇਂ ਕਿ ਬਿਜਲੀ ਦਾ ਬਿੱਲ ਅਤੇ ਹੋਰ ਕੰਮਾਂ ਦੀਆ ਅਦਾਇਗੀਆਂ ਕੀਤੀਆਂ ਜਾ ਸਕਣ। ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 4: | **ਪ੍ਰਵਾਨ ਹੈ।** |

| ਮਤਾ ਨੰਬਰ | ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018 |
|---|---|
| 4 | **ਸਰਕਾਰ ਦੇ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।** |

**ਏਜੰਡਾ ਨੰਬਰ:** 5

ਰਿਪੋਰਟ ਓ.ਐਂਡ ਐਮ ਸ਼ਾਖਾ ਕਿ ਵਣ ਮੰਡਲ ਅਫਸਰ,ਬਠਿੰਡਾ ਵੱਲੋਂ ਪ੍ਰੋਜੈਕਟ ਦਫਤਰ ਦੀ ਪੁਰਾਣੀ ਬਿਲਡਿੰਗ ਦੀ ਵੈਲਿਊਏਸ਼ਨ ਦਾ ਤਖਮੀਨਾ ਮੁਬਲਿਗ 6,89,000/- ਰੁਪਏ ਦਾ ਪ੍ਰਾਪਤ ਹੋਇਆ ਹੈ। ਇਸ ਪੁਰਾਣੀ ਬਿਲਡਿੰਗ ਵਾਲੀ ਜਗ੍ਹਾ ਵਿੱਚ ਨਗਰ ਨਿਗਮ ਵੱਲੋਂ OHSR & UGSR ਬਣਾਇਆ ਜਾਣਾ ਹੈ। ਇਹ ਰਕਮ ਡਰਾਫਟ ਰਾਹੀਂ ਡਵੀਜ਼ਨਲ ਫੋਰੈਸਟ ਅਫਸਰ, ਬਠਿੰਡਾ ਦੇ ਨਾਮ ਜਮਾਂ ਕਰਵਾਉਣ ਲਈ ਲਿਖਿਆ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "This is an urgent case as important project of OHSR and UGSR for supplying water to highly located old city area is to be carried out. So, administrative approval of House may be sought." ਇਸ ਲਈ ਉਕਤ ਰਕਮ ਵਿਭਾਗ ਪਾਸ ਜਮਾਂ ਕਰਵਾਉਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 5: | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਕੰਮ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਇਸ ਸਬੰਧੀ ਜਗ੍ਹਾ ਐਕੁਆਇਰ ਕਰਨ ਜਾਂ ਲੀਜ਼ ਤੇ ਲੈਣ ਸਬੰਧੀ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |

| ਮਤਾ ਨੰਬਰ | ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018 |
|---|---|
| 5 | **ਮਤੇ ਦੀ ਕਾਪੀ ਮੁੱਖ ਇੰਜੀਨੀਅਰ (ਓ.ਐਂਡ ਐਮ.) ਨੂੰ ਟਿੱਪਣੀ ਲਈ ਭੇਜੀ ਗਈ ਹੈ।** |

**ਏਜੰਡਾ ਨੰਬਰ:** 6

ਦਫਤਰੀ ਰਿਪੋਰਟ ਕਿ ਜੋਗਾ ਨੰਦ ਰੋਡ ਜੋ ਕਿ ਮਹਿਕਮਾ ਪੀ.ਡਬਲਿਊ.ਡੀ. ਬੀ.ਐਂਡ ਆਰ ਨਾਲ ਸਬੰਧਤ ਹੈ, ਦੀ ਸਾਲ 2009 ਵਿੱਚ ਮਾੜੀ ਹਾਲਤ ਨੂੰ ਦੇਖਦੇ ਹੋਏ ਅਤੇ ਆਮ ਪਬਲਿਕ ਦੀ ਪਰੇਸ਼ਾਨੀ ਦੇ ਮੱਦੇ ਨਜ਼ਰ ਰਖਦੇ ਹੋਏ ਨਗਰ ਨਿਗਮ ਵੱਲੋਂ ਇਸ ਨੂੰ ਚੌੜ੍ਹਾ ਕਰਨ ਅਤੇ ਪ੍ਰੀਮਿਕਸ ਪਾਉਣ ਦਾ ਤਖਮੀਨਾ ਨਗਰ ਨਿਗਮ ਦੇ ਮਤਾ ਨੰਬਰ 54 ਮਿਤੀ 20.01.2009 ਰਾਹੀਂ ਮੁਬਲਿਗ 10.00 ਲੱਖ ਰੁਪਏ ਦਾ ਪਾਸ ਕੀਤਾ ਗਿਆ ਸੀ, ਜਿਸਦੀ ਪ੍ਰਵਾਨਗੀ ਸਰਕਾਰ ਪਾਸੋਂ 82(3) ਅਧੀਨ ਪ੍ਰਾਪਤ ਕੀਤੀ ਗਈ ਸੀ। ਕਿਉਂਕਿ ਇਸ ਰੋਡ ਦੀ ਚੌੜ੍ਹਾਈ ਵਧਾਉਣ ਲਈ ਮਹਿਕਮਾ ਵਣ ਵਿਭਾਗ ਪਾਸੋਂ ਦੀ ਜਗ੍ਹਾ ਵਰਤੀ ਜਾਣੀ ਸੀ। ਇਸ ਲਈ ਨਗਰ ਨਿਗਮ ਵੱਲੋਂ ਵਣ ਵਿਭਾਗ ਨੂੰ ਮੰਨਜ਼ੂਰੀ ਲਈ ਅਪਲਾਈ ਕੀਤਾ ਗਿਆ ਸੀ। ਨਗਰ ਨਿਗਮ ਵੱਲੋਂ ਇਸ ਸੜ੍ਹਕ ਉਪਰ ਚੌੜਾਈ ਵਧਾਉਣ ਲਈ ਪੱਥਰ ਪਾਉਣ ਤੱਕ ਦਾ ਕੰਮ ਕਰਵਾਇਆ ਗਿਆ ਅਤੇ ਇਸ ਉਪਰੰਤ ਪੀ.ਡਬਲਿਊ.ਡੀ. ਵੱਲੋਂ ਸੜ੍ਹਕ ਤੇ ਲੁੱਕ ਪਾ ਦਿੱਤੀ ਗਈ। ਨਗਰ ਨਿਗਮ ਵੱਲੋਂ ਜੋ ਸੜ੍ਹਕ ਚੌੜੀ ਕਰਨ ਲਈ ਵਣ ਵਿਭਾਗ ਦੀ ਜਗ੍ਹਾ ਲਈ ਗਈ ਹੈ, ਉਸ ਦੀ ਮੰਨਜ਼ੂਰੀ ਦਿੰਦੇ ਹੋਏ 4.32 ਲੱਖ ਰੁਪਏ ਭਰਨ ਦੀ ਮੰਗ ਕੀਤੀ ਗਈ ਸੀ, ਪਰੰਤੂ ਨਗਰ ਨਿਗਮ ਵੱਲੋਂ ਇਹ ਰਕਮ ਅਜੇ ਤੱਕ ਨਹੀਂ ਭਰੀ ਗਈ ਹੈ। ਮਿਤੀ 07.03.2018 ਨੂੰ ਪ੍ਰਧਾਨ ਮੁੱਖ ਵਣ ਪਾਲ ਜੀ ਦੀ ਪ੍ਰਧਾਨਗੀ ਹੇਠ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਚੇਤਾਵਣੀ ਦਿੱਤੀ ਗਈ ਹੈ ਕਿ ਨਗਰ ਨਿਗਮ ਉਪਰੋਕਤ ਰਕਮ ਤੁਰੰਤ ਵਣ ਵਿਭਾਗ ਕੋਲ ਜਮਾਂ ਕਰਵਾਏ, ਨਹੀਂ ਤਾਂ ਇਹ ਮੰਨਜ਼ੂਰੀ ਕੈਂਸਲ ਕਰਦੇ ਹੋਏ ਭਾਰਤ ਸਰਕਾਰ ਨੂੰ ਸੂਚਿਤ ਕਰ ਦਿੱਤਾ ਜਾਵੇਗਾ ਅਤੇ ਨਗਰ ਨਿਗਮ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਲਈ ਉਚਿਤ ਹੋਵੇਗਾ ਕਿ ਉਪਰੋਕਤ ਰਕਮ ਤੁਰੰਤ ਵਣ ਵਿਭਾਗ ਪਾਸ ਜਮਾਂ ਕਰਵਾ ਦਿੱਤੀ ਜਾਵੇ। ਇਸ

ਲਈ 4.32 ਲੱਖ ਰੁਪਏ ਦੇ ਖਰਚੇ ਦੀ ਨਗਰ ਨਿਗਮ ਦੇ ਹਾਊਸ ਤੋਂ 82(3) ਅਧੀਨ ਪ੍ਰਵਾਨਗੀ ਲਈ ਭੇਜ ਦਿੱਤਾ ਜਾਵੇ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਗਈ ਹੈ ਕਿ "May be sent to General House for MC for Administrative Approval and expenditure under Section 82(3)". ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 6: | ਪ੍ਰਵਾਨ ਹੈ। |

| ਮਤਾ ਨੰਬਰ | ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018 |
|---|---|
| 6 | ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ। |

**ਏਜੰਡਾ ਨੰਬਰ: 7**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | ਬਠਿੰਡਾ ਸ਼ਹਿਰ ਦੀਆਂ ਵੱਖ-ਵੱਖ ਸੜ੍ਹਕਾਂ ਜਿਵੇਂ ਕਿ ਰੋਜ਼ ਗਾਰਡਨ ਤੋਂ ਆਈ.ਟੀ.ਆਈ. ਚੌਂਕ ਤੱਕ, ਡਾ: ਗਿੱਲ ਚੋਂਕ ਤੋਂ ਭਾਗੂ ਰੋਡ ਚੌਂਕ ਤੱਕ, ਬਾਲਮੀਕਿ ਚੋਂਕ ਤੋਂ ਮੁਲਤਾਨੀਆ ਪੁੱਲ ਜਰਨੈਲ ਸਿੰਘ ਚੌਂਕ ਤੱਕ, ਮੇਨ ਸੜ੍ਹਕਾਂ ਦੀ ਸਫਾਈ ਕਰਨ ਬਾਰੇ 45 ਸਫਾਈ ਵਰਕਰਾਂ ਦੀ ਮੰਨਜ਼ੂਰੀ 6 ਮਹੀਨਿਆਂ ਲਈ | 26.15 |
| 2. | ਅੰਡਰਗਰਾਊਂਡ ਪੁੱਲ, ਪਰਸ ਰਾਮ ਨਗਰ, ਗੁਰੂਕੁੱਲ ਰੋਡ ਓਵਰ ਬਰਿਜ ਨਹਿਰ ਤੱਕ, ਓਵਰ ਬਰਿਜ ਸੰਤਪੁਰਾ ਰੋਡ, ਪਰਸ ਰਾਮ ਨਗਰ ਰੋਡ, ਜੀ.ਟੀ. ਰੋਡ, ਕੁਟੀਆ ਤੋਂ ਸਟੈਲਾ ਹੋਟਲ ਤੱਕ, ਜੀ.ਟੀ. ਰੋਡ ਭੱਟੀ ਰੋਡ ਬਰਨਾਲਾ ਬਾਈਪਾਸ ਲਾਈਟਾਂ ਤੱਕ, ਨਾਰਥ ਅਸਟੇਟ 80 ਫੁੱਟੀ ਰੋਡ, ਡਬਵਾਲੀ ਰੋਡ, ਓਵਰ ਬਰਿਜ ਨੇੜੇ ਮਿਲਕ ਪਲਾਂਟ, ਜਰਨੈਲ ਸਿੰਘ ਚੋਂਕ ਤੋਂ ਮੁਲਤਾਨੀਆ ਪੁੱਲ ਚੌਂਕ ਤੱਕ ਬਾਈਪਾਸ ਬੀਬੀ ਵਾਲਾ ਚੌਂਕ ਵਾਲਾ ਪੁੱਲ, ਬਰਨਾਲਾ ਬਾਈ ਪਾਸ ਰਿਲਾਇੰਸ ਮਾਰਕੀਟ ਤੋਂ Essar ਪੈਟਰੋਲ ਪੰਪ ਤੱਕ, ਮਾਤਾ ਜੀਵੀ ਨਗਰ, Essar ਪੈਟਰੋਲ ਪੰਪ ਤੋਂ ਨਹਿਰ ਵਾਲਾ ਪੁੱਲ ਘਨਈਆ ਚੌਂਕ ਤੱਕ, ਘਨਈਆ ਚੌਂਕ ਤੋਂ ਮਲੋਟ ਰੋਡ ਪੁੱਲ ਤੋਂ ਰਿੰਗ ਰੋਡ, ਇਸ ਨਾਲ ਦੋਵੇਂ ਸਾਈਡਾਂ ਸਰਵਿਸ ਲੇਨ ਦੀ ਸਫਾਈ ਕਰਨ ਲਈ 30 ਸਫਾਈ ਵਰਕਰਾਂ ਦੀ ਮੰਨਜ਼ੂਰੀ 6 ਮਹੀਨਿਆਂ ਲਈ | 17.50 |
| 3. | ਕੂੜ੍ਹਾ ਕੂਲੈਕਸ਼ਨ ਸੈਂਟਰਾਂ ਦੀ ਦੇਖਭਾਲ ਸਮੇਤ ਡੰਪਰ ਪਲੈਸਰ/ਕੰਪੈਕਟਰਾਂ ਦੇ ਹੈਲਪਰ ਅਤੇ ਸ਼ਹਿਰ ਵਿੱਚੋਂ 40 ਕੂੜ੍ਹਾ ਕੂਲੈਕਸ਼ਨਾਂ ਸੈਂਟਰਾਂ ਤੋਂ ਰੋਜ਼ਾਨਾ ਕੂੜ੍ਹਾ ਚੁਕਵਾਉਣ ਲਈ 55 ਕਰਮਚਾਰੀ ਤਿੰਨ ਮਹੀਨਿਆਂ ਖਾਤਰ | 27.30 |
| 4. | ਪ੍ਰੋਂਵ: ਐਂਡ ਫਿਕਸਿੰਗ ਆਫ 8000 ਲੀਟਰ ਕੈਪੇਸਟੀ ਡਰੱਮ ਆਨ ਕੈਂਟਰ - 2 ਨੰਬਰ | 2.50 |

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 7: | ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਪਰਸ ਰਾਮ ਨਗਰ, ਮੇਨ ਰੋਡ ਤੇ ਆਵਾਜਾਈ ਨੂੰ ਦੇਖਦੇ ਹੋਏ ਇਸ ਸੜ੍ਹਕ ਤੇ ਡਬਲਿਊ.ਬੀ.ਐਮ. ਅਤੇ ਪੀ.ਸੀ. ਪਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।<br>ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਜੋ ਵੀ ਮੁਲਾਜ਼ਮ ਆਊਟਸੋਰਸ ਤੇ ਰੱਖਣੇ ਹਨ, ਇਸ ਸਬੰਧੀ ਜੋ ਵੀ ਦੋ ਸਰਵਿਸ ਪ੍ਰੋਵਾਇਡਰਜ਼ ਨਗਰ ਨਿਗਮ ਬਠਿੰਡਾ ਪਾਸ ਰਜਿਸਟਰਡ ਹਨ, ਇਹਨਾਂ ਦੋਹਾਂ ਪਾਸੋਂ 50-50 ਵਰਕਰ ਮੰਗ ਲਏ ਜਾਣ ਅਤੇ ਇਹਨਾਂ ਵਿੱਚੋਂ ਯੋਗ ਵਰਕਰ ਰੱਖਣ ਲਈ ਸਬ-ਕਮੇਟੀ ਬਣਾਈ ਜਾਂਦੀ ਹੈ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ। |

| ਮਤਾ ਨੰਬਰ | ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018 |
|---|---|
| 7 | ਇਹ ਦਸਿਆ ਜਾਵੇ ਕਿ<br>ਲੜੀ ਨੰ: 1,2 ਤੇ ਤਜਵੀਜਤ ਕਾਮੇ ਕੀ ਪ੍ਰਵਾਨਤ ਆਸਾਮੀਆਂ ਵਿਰੁੱਧ ਰੱਖੇ ਹਨ?<br>ਲੜੀ ਨੰ: 3 ਸਬੰਧੀ ਤਿੰਨ ਮਹੀਨਿਆਂ ਲਈ ਪ੍ਰਵਾਨਤ ਆਸਾਮੀਆਂ ਵਿਰੁੱਧ ਮਾਨਤਾ ਪ੍ਰਾਪਤ ਆਊਟਸੋਰਸ ਏਜੰਸੀ ਰਾਹੀਂ ਕਾਮੇ ਲੇਣ ਸਬੰਧੀ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (ਪੀ.ਪੀ. 3 ਸ਼ਾਖਾ) ਦੇ ਪੱਤਰ ਨੰ: ਅੰ;ਵਿ:ਪ:ਨੰ: 12/57/2017-1 ਪੀ.ਪੀ. 3/292 ਮਿਤੀ 22.03.2018 ਰਾਹੀਂ ਜਾਰੀ ਕੀਤੀ ਹਦਾਇਤਾਂ ਦੀ ਰੋਸ਼ਨੀ ਵਿੱਚ ਕਾਰਵਾਈ ਰੂਲਾਂ/ ਹਦਾਇਤਾਂ ਅਨੁਸਾਰ ਕੀਤੀ ਜਾਵੇ।<br>ਲੜੀ ਨੰ: 4 ਸਬੰਧੀ ਰੂਲਾਂ/ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ। |
| ਮਤਾ ਨੰਬਰ | ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/31711 ਮਿਤੀ 07.06.2018 |
| 7 ਦੇ ਲੜੀ ਨ:<br>01, 02 | ਛੇ ਮਹੀਨਿਆਂ ਦੀ ਪ੍ਰਵਾਨਤ ਆਸਾਮੀਆਂ ਵਿਰੁੱਧ ਮਾਨਤਾ ਪ੍ਰਾਪਤ ਆਊਟਸੋਰਸ ਏਜੰਸੀ ਰਾਹੀਂ ਕਾਮੇ ਲੈਣ ਸਬੰਧੀ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (ਪੀ.ਪੀ. 3 ਸ਼ਾਖਾ) ਦੇ ਪੱਤਰ ਨੰ: ਅੰ:ਵਿ:ਪ: ਨੰ: 12/57/2017-1 ਪੀ.ਪੀ.3/292 ਮਿਤੀ 22.03.2018 ਰਾਹੀਂ ਜਾਰੀ ਕੀਤੀ ਹਦਾਇਤਾਂ ਦੀ ਰੋਸ਼ਨੀ ਵਿੱਚ ਕਾਰਵਾਈ ਰੂਲਾ/ ਹਦਾਇਤਾਂ ਅਨੁਸਾਰ ਕੀਤੀ ਜਾਵੇ। |

**ਏਜੰਡਾ ਨੰਬਰ: 8**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਅੰਦਰ ਬੇਸਹਾਰਾ ਪਸ਼ੂਆਂ ਦੀ ਗਿਣਤੀ ਵਿੱਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਇਹਨਾਂ ਬੇਸਹਾਰਾ ਪਸ਼ੂਆਂ ਦੀ ਸਾਂਭ ਸੰਭਾਲ ਕਰਨ ਲਈ ਨਿਗਮ ਵੱਲੋਂ ਗਊਸ਼ਾਲਾ ਡੇਰਾ ਰੂੰਮੀ, ਭੁੱਚੋਂ ਕਲਾਂ ਨਾਲ MOU ਕਰਕੇ ਕੈਟਲ ਪਾਉਂਡ ਸਥਾਪਿਤ ਕੀਤਾ ਗਿਆ ਹੈ। ਇਸ ਕੈਟਲ ਪਾਉਂਡ ਵਿੱਚ ਸ਼ਹਿਰ ਵਿੱਚੋਂ 500 ਬੇਸਹਾਰਾ ਪਸ਼ੂਆਂ ਨੂੰ ਫੜ੍ਹ ਕੇ ਛੱਡਿਆ ਗਿਆ ਹੈ। ਇਹਨਾਂ ਪਸ਼ੂਆਂ ਦੀ ਖੁਰਾਕ ਦੇ ਖਰਚੇ ਵੱਜੋਂ 18/- ਰੁਪਏ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਡਾਈਟ ਮਨੀ ਦਿੱਤੀ ਜਾ ਰਹੀ ਹੈ। ਇਸ ਡਾਈਟ ਮਨੀ ਵਿੱਚ ਹਰ ਦੋ ਸਾਲ ਬਾਅਦ 1/- ਰੁਪਏ ਦਾ ਵਾਧਾ ਕੀਤਾ ਜਾਂਦਾ ਹੈ।

ਗਊਸ਼ਾਲਾ ਡੇਰਾ ਰੂੰਮੀ, ਭੁੱਚੋਂ ਕਲਾਂ ਵੱਲੋਂ ਦਰਖਾਸਤ ਨੰਬਰ 1293 ਮਿਤੀ 08.03.2018 ਰਾਹੀਂ ਲਿਖਤੀ ਸਹਿਮਤੀ ਦਿੱਤੀ ਗਈ ਹੈ ਕਿ ਉਹ ਗਊਸ਼ਾਲਾ ਵਿਖੇ ਹੋਰ 250 ਬੇਸਹਾਰਾ ਪਸ਼ੂਆਂ ਨੂੰ ਸੰਭਾਲ ਸਕਦੇ ਹਨ। ਗਊਸ਼ਾਲਾ ਨੂੰ ਪਹਿਲੇ ਦਿੱਤੇ ਜਾ ਰਹੇ ਖਰਚੇ ਅਨੁਸਾਰ 18/- ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ ਇਕਰਾਰਨਾਮਾ ਕਰਨ ਲਈ 250 ਪਸ਼ੂਆਂ ਦੀ ਡਾਈਟ ਮਨੀ ਤੇ ਆਉਣ ਵਾਲੇ ਆਵ੍ਰਿਤੀ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 8:** | **ਪ੍ਰਵਾਨ ਹੈ।** |

| **ਮਤਾ ਨੰਬਰ** | **ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018** |
|---|---|
| 8 | **ਸਰਕਾਰ ਦੇ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।** |

**ਏਜੰਡਾ ਨੰਬਰ: 9**

ਰਿਪੋਰਟ ਵਰਕਸ ਸ਼ਾਖਾ ਕਿ ਡੀ.ਐਮ.ਆਰ. ਬਿਲਡਰਜ਼ ਵੱਲੋਂ ਕ੍ਰਿਸ਼ਨਾ ਨਗਰ, ਮਲੋਟ ਰੋਡ ਵਿਖੇ ਕਲੋਨੀ ਅਤੇ ਪਲਾਟ ਰੈਗੂਲਰਾਇਜ਼ ਕਰਵਾਏ ਗਏ ਹਨ। ਰਿਪੋਰਟ ਮੁਤਾਬਿਕ ਡੀ.ਐਮ.ਆਰ. ਬਿਲਡਰਜ਼ ਵੱਲੋਂ ਰੈਗੂਲਰਾਇਜ਼ ਕਰਨ ਲਈ ਚਾਰਜ਼ਿਜ਼ ਭਰੇ ਗਏ ਹਨ। ਹੁਣ ਉਹਨਾਂ ਵੱਲੋਂ ਸੜ੍ਹਕਾਂ ਬਨਾਉਣ ਦੀ ਮੰਗ ਕੀਤੀ ਜਾ ਰਹੀ ਹੈ। ਤਖਮੀਨਾ ਬਨਾਉਣ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਸਾਹਿਬ ਵੱਲੋਂ ਮਿਤੀ 21.02.2018 ਨੂੰ ਦੇ ਦਿੱਤੀ ਗਈ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Technical Sanction of this estimate shall be taken from Head Office. Administrative approval may be sought from General House of MC first." ਤਖਮੀਨਾ ਮੁਬਲਿਗ 74.90 ਲੱਖ ਰੁਪਏ ਦਾ ਪ੍ਰਵਾਨ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 9:** | **ਪੈਡਿੰਗ ਰੱਖਿਆ ਜਾਂਦਾ ਹੈ।** |

| **ਮਤਾ ਨੰਬਰ** | **ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018** |
|---|---|
| 9 | **ਟਿੱਪਣੀ ਦੀ ਲੋੜ੍ਹ ਨਹੀਂ ਹੈ।** |

**ਏਜੰਡਾ ਨੰਬਰ: 10**

ਰਿਪੋਰਟ ਵਰਕਸ ਸ਼ਾਖਾ ਕਿ ਡੀ.ਐਮ.ਆਰ. ਬਿਲਡਰਜ਼ ਵੱਲੋਂ ਕ੍ਰਿਸ਼ਨਾ ਨਗਰ, ਮਲੋਟ ਰੋਡ ਵਿਖੇ ਕਲੋਨੀ ਅਤੇ ਪਲਾਟ ਰੈਗੂਲਰਾਇਜ਼ ਕਰਵਾਏ ਗਏ ਹਨ। ਹੁਣ ਉਹਨਾਂ ਵੱਲੋਂ ਸਟਰੀਟ ਲਾਈਟ ਲਗਵਾਉਣ ਦੀ ਮੰਗ ਕੀਤੀ ਜਾ ਰਹੀ ਹੈ। ਤਕਮੀਨਾ ਬਨਾਉਣ ਦੀ ਪ੍ਰਵਾਨਗੀ ਕਮਿਸ਼ਨਰ ਸਾਹਿਬ ਵੱਲੋਂ ਮਿਤੀ 21.02.2018 ਨੂੰ ਦੇ ਦਿੱਤੀ ਗਈ ਹੈ। ਇਸ ਲਈ ਸਟਰੀਟ ਲਾਈਟ ਦਾ ਪ੍ਰਬੰਧ ਕਰਨ ਲਈ 9.88 ਲੱਖ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇਹ ਤਕਮੀਨਾ ਸੀ.ਐਸ. ਆਰ. ਰੇਟਾਂ ਅਤੇ ਮਾਰਕੀਟ ਰੇਟਾਂ ਤੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਿਆਰ ਕੀਤਾ ਗਿਆ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Technically sanctioned for Rs. 9.88 lakh. Adminstrative Approval may be sought from General House of MC. ਤਖਮੀਨੇ ਮੁਬਲਿਗ 9.88 ਲੱਖ ਰੁਪਏ ਦਾ ਪ੍ਰਵਾਨ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 10:** | **ਪੈਡਿੰਗ ਰੱਖਿਆ ਜਾਂਦਾ ਹੈ।** |

| **ਮਤਾ ਨੰਬਰ** | **ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018** |
|---|---|
| 10 | **ਟਿੱਪਣੀ ਦੀ ਲੋੜ੍ਹ ਨਹੀਂ ਹੈ।** |

**ਏਜੰਡਾ ਨੰਬਰ: 11**

ਰਿਪੋਰਟ ਬਿਲਡਿੰਗ ਸ਼ਾਖਾ ਕਿ ਗਰੀਨ ਸਿਟੀ ਦੇ ਪ੍ਰਮੋਟਰ ਸ਼੍ਰੀ ਨਾਜ਼ਰ ਸਿੰਘ ਪੁੱਤਰ ਸ਼੍ਰੀ ਤੇਜਾ ਸਿੰਘ ਵੱਲੋਂ ਮਿਤੀ 07.08.2017 ਨੂੰ ਦਿੱਤੀ ਦਰਖਾਸਤ ਰਾਹੀਂ ਗਰੀਨ ਸਿਟੀ 9.85 ਏਕੜ ਗਰੀਨ ਪੈਲੇਸ ਰੋਡ ਤੇ ਪੈਂਦੀ ਕਲੋਨੀ ਨੂੰ ਟੇਕ ਓਵਰ ਕਰਨ ਲਈ ਬੇਨਤੀ ਕੀਤੀ ਗਈ ਹੈ।

ਇਸ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਇਹ ਕਲੋਨੀ ਜਿਲ੍ਹਾ ਨਗਰ ਯੋਜਨਾਕਾਰ, ਬਠਿੰਡਾ ਵੱਲੋਂ ਅਪਰੂਵਲ ਨੰ: 661 (DTP-Bathinda) SB-133-A ਮਿਤੀ 28.03.2006 ਰਾਹੀਂ ਪ੍ਰਵਾਨ ਕੀਤੀ ਗਈ ਸੀ। ਉਕਤ

ਕਲੋਨੀ ਦਾ ਕੰਪਲੀਸ਼ਨ ਸਰਟੀਫਿਕੇਟ ਮਹਿਕਮਾ ਪੁੱਡਾ ਵੱਲੋਂ ਪੱਤਰ ਨੰ: ਮ.ਪ./ਬੀਡੀਏ/ਬਠਿੰਡਾ/2012/817 ਮਿਤੀ 22.03.2012 ਜਾਰੀ ਕੀਤਾ ਜਾ ਚੁੱਕਾ ਹੈ। ਦਸਣਯੋਗ ਹੈ ਕਿ PAPR Act 1995 ਅਧੀਨ ਕਲੋਨੀਆਂ ਨੂੰ ਪਾਸ ਕਰਨ ਦੀ ਕਾਰਵਾਈ ਪਹਿਲਾਂ ਪੁੱਡਾ/ ਸਬੰਧਤ ਡਿਵੈਲਪਮੈਂਟ ਅਥਾਰਟੀ ਵੱਲੋਂ ਕੀਤੀ ਜਾਂਦੀ ਸੀ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਨੰ: 17/17/2001-5ਮਉ/ਪ.ਫ./1752 ਮਿਤੀ 24.06.2010 ਰਾਹੀਂ PAPR Act 1995 ਦੀ ਧਾਰਾ 2(1) ਅਧੀਨ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੂੰ ਮਿਉਂਸਪਲ ਹੱਦ ਅੰਦਰ ਪੈਂਦੇ ਏਰੀਏ ਦੀ ਸਮੱਰਥ ਅਥਾਰਟੀ ਨਿਯੁਕਤ ਕੀਤਾ ਗਿਆ ਹੈ, ਜਿਸ ਕਰਕੇ ਇਸ ਕਲੋਨੀ ਦਾ ਰਿਕਾਰਡ ਨਗਰ ਨਿਗਮ ਬਠਿੰਡਾ ਨੂੰ ਟਰਾਂਸਫਰ ਕੀਤਾ ਗਿਆ ਹੈ। ਨਿਗਮ ਹਾਊਸ ਦੇ ਪਾਸ ਕੀਤੇ ਮਤਾ ਨੰ: 367 ਮਿਤੀ 10.12.2012 ਦੀ ਪਾਲਣਾਂ ਹਿੱਤ ਇਸ ਕਲੋਨੀ ਦੀਆਂ ਓਪਨ ਸਪੇਸਜ਼/ ਪਬਲਿਕ ਯੂਟੀਲਟੀਜ਼ ਦੀ ਰਜਿਸਟਰੀ ਪ੍ਰਮੋਟਰ ਵੱਲੋਂ ਵਸੀਕਾ ਨੰ: 6513 ਮਿਤੀ 21.12.2015 ਰਾਹੀਂ ਨਗਰ ਨਿਗਮ ਦੇ ਹੱਕ ਵਿੱਚ ਕਰਵਾ ਦਿੱਤੀ ਗਈ ਹੈ। ਇਸ ਕਲੋਨੀ ਦੇ External Development Charges (EDC) ਪੁੱਡਾ ਪਾਸ ਜਮ੍ਹਾਂ ਹਨ ਅਤੇ ਨਿਯਮਾਂ ਅਨੁਸਾਰ ਇਹ EDC ਨਗਰ ਨਿਗਮ ਬਠਿੰਡਾ ਨੂੰ ਤਬਦੀਲ ਕੀਤੇ ਜਾਣੇ ਹਨ, ਜਿੰਨ੍ਹਾਂ ਨੂੰ ਤਬਦੀਲ ਕਰਨ ਕਰਾਉਣ ਲਈ ਨਗਰ ਨਿਗਮ ਵੱਲੋਂ ਪੁੱਡਾ/ ਬੀ.ਡੀ.ਏ ਨੂੰ ਪੱਤਰ ਲਿਖਿਆ ਹੋਇਆ ਹੈ। ਇਸ ਕਲੋਨੀ ਦਾ ਕੰਪਲੀਸ਼ਨ ਸਰਟੀਫਿਕੇਟ ਦਫਤਰ ਪੁੱਡਾ ਵੱਲੋਂ ਜਾਰੀ ਕੀਤਾ ਹੋਣ ਕਰਕੇ ਨਿਗਮ ਦਫਤਰ ਵੱਲੋਂ ਪੱਤਰ ਰਾਹੀਂ ਇਸ ਕਲੋਨੀ ਦੇ ਬਕਾਇਆਜਾਤ ਸਬੰਧੀ ਰਿਪੋਰਟ ਮੰਗੀ ਗਈ ਸੀ, ਜਿਸ ਦੇ ਸਬੰਧ ਵਿੱਚ ਪੁੱਡਾ ਵੱਲੋਂ ਪੱਤਰ ਨੰ: ਮ.ਪ./ਬੀ.ਡੀ.ਏ/ਬਠਿੰਡਾ/2017/5774 ਮਿਤੀ 28.11.2017 ਜਾਰੀ ਕਰਕੇ ਲਿਖਿਆ ਗਿਆ ਹੈ ਕਿ ਇਸ ਕਲੋਨੀ ਦੇ ਸਾਰੇ ਚਾਰਜ਼ਿਜ਼ ਉਨ੍ਹਾਂ ਵੱਲੋਂ ਵਸੂਲ ਕੀਤੇ ਜਾ ਚੁੱਕੇ ਹਨ ਅਤੇ ਕੋਈ ਬਕਾਇਆਜਾਤ ਬਾਕੀ ਨਹੀਂ ਹੈ। ਪੁੱਡਾ ਵੱਲੋਂ ਜਾਰੀ ਕੀਤੇ ਕੰਪਲੀਸ਼ਨ ਸਰਟੀਫਿਕੇਟ ਅਨੁਸਾਰ ਇਸ ਕਲੋਨੀ ਦੀ ਮੈਨਟੀਨੈਂਸ ਸਰਟੀਫਿਕੇਟ ਜਾਰੀ ਹੋਣ ਦੀ ਮਿਤੀ 22.03.2012 ਤੋਂ 5 ਸਾਲ ਤੱਕ ਪ੍ਰਮੋਟਰ ਵੱਲੋਂ ਕੀਤੀ ਜਾਣੀ ਹੈ ਅਤੇ ਕਲੋਨੀ ਦੀ ਮੈਨਟੀਨੈਂਸ ਦਾ ਸਮਾਂ ਮਿਤੀ 21.03.2017 ਤੱਕ ਪੂਰਾ ਹੋ ਗਿਆ ਹੈ। ਇਸ ਤੋਂ ਬਾਅਦ ਲਗਭਗ 9 ਮਾਹ ਦਾ ਸਮਾਂ ਬੀਤ ਚੁੱਕਾ ਹੈ ਅਤੇ ਕਲੋਨਾਈਜ਼ਰ ਵੱਲੋਂ ਇਸ ਨੂੰ ਮੈਨਟੇਨ ਕੀਤਾ ਜਾ ਰਿਹਾ ਹੈ। ਇਸ ਕਲੋਨੀ ਨੂੰ ਟੇਕ ਓਵਰ ਕਰਨ ਲਈ ਪ੍ਰਮੋਟਰ ਦੀ ਬੇਨਤੀ ਨੂੰ ਮੁੱਖ ਰਖਦੇ ਹੋਏ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 13.09.2017 ਰਾਹੀਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਅਤੇ ਇਸ ਕਲੋਨੀ ਨੂੰ ਵਿਕਾਸ ਦੇ ਕੰਮਾਂ ਦੀਆਂ ਮੱਦਾਂ ਦੀ ਪੜਤਾਲ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਸ ਕਮੇਟੀ ਵੱਲੋਂ ਕੀਤੀ ਗਈ ਪੜਤਾਲ ਰਿਪੋਰਟ ਹੇਠ ਲਿਖੇ ਅਨੁਸਾਰ ਹੈ ਜੀ:-

1. ਨਿਗਮ ਦੀ ਸਟਰੀਟ ਲਾਈਟ ਸ਼ਾਖਾ ਵੱਲੋਂ ਮਿਤੀ 02.01.2018 ਨੂੰ ਕੀਤੀ ਗਈ ਰਿਪੋਰਟ ਅਨੁਸਾਰ ਗਰੀਨ ਸਿਟੀ ਕਲੋਨੀ ਵਿਖੇ ਕੁੱਲ ਸਟਰੀਟ ਲਾਈਟ ਦੇ 34 ਪੋਲ ਹਨ। ਇੰਨ੍ਹਾਂ ਤੇ 34 ਸੋਡੀਅਮ 150 ਵਾਟ ਲਾਈਟਾਂ, 22 ਪੋਲ ਜਿੰਨ੍ਹਾਂ ਤੇ ਗਲੋਬ (200 ਵਾਟ ਐਲ.ਈ.ਡੀ. ਬਲੱਬ) ਲੱਗੇ ਹਨ। ਇਹ ਸਾਰੀਆਂ ਲਾਈਟਾਂ ਕੁਨੈਕਸ਼ਨ ਨੰਬਰ 3003009778 ਤੋਂ ਚਲਦੀਆਂ ਹਨ ਅਤੇ ਸਾਰੀਆ ਲਾਈਟਾਂ ਚਾਲੂ ਹਾਲਤ ਵਿੱਚ ਹਨ।
2. ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਦੇ ਪੱਤਰ ਨੰਬਰ 97 ਮਿਤੀ 09.01.2018 ਅਨੁਸਾਰ ਗਰੀਨ ਸਿਟੀ ਬਠਿੰਡਾ ਦਾ ਵਾਟਰ ਸਪਲਾਈ ਅਤੇ ਸੀਵਰੇਜ਼ ਸਿਸਟਮ ਚੈਕ ਕੀਤਾ ਗਿਆ ਹੈ, ਜੋ ਕਿ ਠੀਕ ਪਾਇਆ ਗਿਆ ਹੈ। ਇਸ ਕਲੋਨੀ ਦਾ ਵਾਟਰ ਸਪਲਾਈ ਅਤੇ ਸੀਵਰੇਜ਼ ਸਿਸਟਮ ਜੇਕਰ ਨਗਰ ਨਿਗਮ ਟੇਕ ਓਵਰ ਕਰਦਾ ਹੈ ਤਾਂ ਇਸ ਵਿਭਾਗ ਨੂੰ ਕੋਈ ਇਤਰਾਜ ਨਹੀਂ ਹੈ।
3. ਵਰਕਸ ਸ਼ਾਖਾ ਦੀ ਰਿਪੋਰਟ ਅਨੁਸਾਰ ਇਸ ਕਲੋਨੀ ਦੀਆਂ ਸੜ੍ਹਕਾਂ ਉਪਰ ਪ੍ਰੀਮਿਕਸ ਪਾਈ ਹੋਈ ਹੈ। ਸੜ੍ਹਕਾਂ ਉਪਰ ਮੋਟਰ ਵਹੀਕਲ ਚੱਲਣ ਦੀ ਕੋਈ ਸਮੱਸਿਆ ਨਹੀਂ ਹੈ। ਕਲੋਨਾਈਜ਼ਰ ਦਾ ਰੱਖ ਰਖਾਵ ਦਾ 5 ਸਾਲ ਤੋਂ ਵੱਧ ਦਾ ਸਮਾਂ ਬੀਤ ਜਾਣ ਕਾਰਨ ਸੜ੍ਹਕਾਂ ਦਾ ਰੱਖ-ਰਖਾਵ ਆਪਣੇ ਹੱਥਾਂ ਵਿੱਚ ਲਿਆ ਜਾ ਸਕਦਾ ਹੈ।
4. ਬਾਗਬਾਨੀ ਸ਼ਾਖਾ ਵੱਲੋਂ ਰਿਪੋਰਟ ਕੀਤੀ ਹੈ ਕਿ ਕਲੋਨੀ ਵਿੱਚ ਸਾਰੇ ਹੀ ਪਾਰਕਾਂ ਵਿੱਚ ਬਾਗਬਾਨੀ ਦਾ ਕੰਮ ਮੁੱਕਮੱਲ ਹੋ ਚੁੱਕਾ ਹੈ। ਪਾਰਕ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੇ ਹਨ ਅਤੇ ਟੇਕ ਓਵਰ ਕੀਤੇ ਜਾ ਸਕਦੇ ਹਨ। ਅਗਰ ਨਗਰ ਨਿਗਮ ਇੰਨ੍ਹਾਂ ਪਾਰਕਾਂ ਨੂੰ ਟੇਕ ਓਵਰ ਕਰਦੀ ਹੈ ਤਾਂ ਇਸ ਲਈ ਵੱਖਰੇ ਤੋਰ ਤੇ ਮਾਲੀਆਂ ਦੀ ਜਰੂਰਤ ਪਵੇਗੀ ਤਾਂ ਜੋ ਪਾਰਕਾਂ ਦੀ ਸਾਂਭ ਸੰਭਾਲ ਹੋ ਸਕੇ।

ਸਟਰੀਟ ਲਾਈਟ ਸ਼ਾਖਾ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਵਰਕਸ ਸ਼ਾਖਾ ਅਤੇ ਬਾਗਬਾਨੀ ਸ਼ਾਖਾ ਵੱਲੋਂ ਕੀਤੀਆਂ ਗਈਆਂ ਰਿਪੋਰਟਾਂ ਅਨੁਸਾਰ ਸਬ-ਕਮੇਟੀ ਵੱਲੋਂ ਵਿਚਾਰਿਆ ਗਿਆ ਅਤੇ ਸਰਬ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਗਰੀਨ ਸਿਟੀ ਕਲੋਨੀ ਦੀਆਂ ਸੜ੍ਹਕਾਂ, ਪਾਰਕਾਂ, ਵਾਟਰ ਸਪਲਾਈ ਅਤੇ ਸੀਵਰੇਜ਼ ਅਤੇ ਸਟਰੀਟ ਲਾਈਟ ਦੀ ਸਾਂਭ-ਸੰਭਾਲ ਦਾ ਕੰਮ ਟੇਕ ਓਵਰ ਕੀਤਾ ਜਾਣਾ ਯੋਗ ਹੈ। ਟੇਕ ਓਵਰ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਸਟਰੀਟ ਲਾਈਟ ਦੀ ਬਿਜਲੀ ਦੇ ਕੁਨੈਕਸ਼ਨ ਦੇ ਬਿੱਲ ਕਲੋਨਾਈਜ਼ਰ ਵੱਲੋਂ ਜਮ੍ਹਾਂ ਕਰਵਾਏ ਜਾਣਗੇ। ਇਸ ਉਪਰੰਤ ਬਿੱਲ ਨਗਰ ਨਿਗਮ ਵੱਲੋਂ ਜਮਾਂ ਕਰਵਾਏ ਜਾਣਗੇ।

ਸੋ, ਉਕਤ ਅਨੁਸਾਰ ਗਰੀਨ ਸਿਟੀ ਕਲੋਨੀ (9.85 ਏਕੜ) ਦੇ ਓਪਨ ਸਪੇਸਜ਼ ਅਤੇ ਸੜ੍ਹਕਾਂ ਰਜਿਸਟਰੀ ਰਾਹੀਂ ਨਗਰ ਨਿਗਮ ਦੇ ਨਾਮ ਹੋ ਚੁੱਕੀਆਂ ਹਨ ਅਤੇ ਇਸ ਦੇ EDC ਨਿਗਮ ਨੂੰ ਟਰਾਂਸਫਰ ਕਰਨ ਲਈ ਪੁੱਡਾ/ ਬੀ.ਡੀ.ਏ ਨੂੰ ਪੱਤਰ ਲਿਖਿਆ ਜਾ ਚੁੱਕਾ ਹੈ। ਇਸ ਲਈ ਗਰੀਨ ਸਿਟੀ ਕਲੋਨੀ ਬਠਿੰਡਾ ਨੂੰ ਨਗਰ ਨਿਗਮ ਵੱਲੋਂ ਟੇਕ ਓਵਰ ਕਰਨਾ ਯੋਗ ਹੋਵੇਗਾ।

ਇਸ ਸਬੰਧੀ ਮਿਤੀ 14.03.2018 ਨੂੰ ਹੋਈ ਹਾਊਸ ਦੀ ਮੀਟਿੰਗ ਦੋਰਾਨ ਮਤਾ ਨੰਬਰ 98 ਰਾਹੀਂ ਇਸ ਮੱਦ ਨੂੰ ਪੈਡਿੰਗ ਰੱਖ ਲਿਆ ਗਿਆ ਸੀ। ਹੁਣ ਮੁੜ੍ਹ ਤੋਂ ਗਰੀਨ ਸਿਟੀ ਕਲੋਨੀ 9.85 ਏਕੜ੍ਹ ਗਰੀਨ ਪੈਲੇਸ ਰੋਡ, ਬਠਿੰਡਾ ਨੂੰ ਨਗਰ ਨਿਗਮ ਬਠਿੰਡਾ ਨੂੰ ਹੈਂਡ ਓਵਰ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 11:** | **ਪੈਡਿੰਗ ਰੱਖਿਆ ਜਾਂਦਾ ਹੈ।** |

| **ਮਤਾ ਨੰਬਰ** | **ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018** |
|---|---|
| 11 | **ਟਿੱਪਣੀ ਦੀ ਲੋੜ੍ਹ ਨਹੀਂ ਹੈ।** |

## ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:-

**ਏਜੰਡਾ ਨੰਬਰ 1 :**

ਰਿਪੋਰਟ ਸਿਹਤ ਸ਼ਾਖਾ ਕਿ ਬਠਿੰਡਾ ਸ਼ਹਿਰ ਵਿਖੇ ਕੂੜੇ ਦੀ ਡੋਰ ਟੂ ਡੋਰ ਕੂਲੈਕਸ਼ਨ ਅਤੇ ਢੁਆਈ ਸਬੰਧੀ ਅਪੀਲ ਨੰ: 70 ਆਫ਼ 2012 ਕੈਪਟਨ ਮਲ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵੱਲੋਂ ਮਿਤੀ 01.12.2017 ਦੇ ਫੈਸਲੇ ਦੀ ਪਾਲਣਾ ਕਰਦੇ ਹੋਏ ਬਠਿੰਡਾ ਸ਼ਹਿਰ ਅਤੇ ਕਲਸਟਰ ਦੀਆਂ ਹੋਰ ਕਮੇਟੀਆਂ ਵਿੱਚੋਂ ਕੂੜੇ ਦੀ ਡੋਰ ਟੂ ਡੋਰ ਕੁਲੈਕਸ਼ਨ ਅਤੇ ਇਸ ਦੀ ਪ੍ਰੋਸੈਸਿੰਗ ਪਲਾਂਟ ਤੱਕ ਢੁਆਈ ਦਾ ਕੰਮ ਜੇ.ਆਈ.ਟੀ.ਐਫ ਕੰਪਨੀ ਵੱਲੋਂ ਛੱਡ ਦਿੱਤਾ ਜਾਵੇਗਾ ਅਤੇ ਇਹ ਕੰਮ ਪੰਜਾਬ ਸਰਕਾਰ ਅਤੇ ਨਗਰ ਨਿਗਮ ਬਠਿੰਡਾ ਵੱਲੋਂ ਕੀਤਾ ਜਾਣਾ ਹੈ।

ਨਗਰ ਨਿਗਮ ਬਠਿੰਡਾ ਸ਼ਹਿਰ ਵਿੱਚੋਂ ਕੂੜੇ ਦੀ ਡੋਰ ਟੂ ਡੋਰ ਕੁਲੈਕਸ਼ਨ ਕਰਨ ਅਤੇ ਇਸ ਦੀ ਢਆਈ ਪ੍ਰੋਸੈਸਿੰਗ ਪਲਾਂਟ ਤੱਕ ਕਰਨ ਲਈ ਜੁੰਮੇਵਾਰ ਹੈ। ਜਦਕਿ ਬਾਕੀ ਦੀਆਂ ਕਲਸਟਰ ਕਮੇਟੀਆਂ ਆਪਣੇ ਪੱਧਰ ਤੇ ਮਾਰਫਤ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਇਹ ਕੰਮ ਕਰਨਗੀਆਂ ਤਾਂ ਜੋ ਕੰਪਨੀ ਨੂੰ 300 ਟਨ ਕੂੜਾ ਰੋਜਾਨਾ ਪ੍ਰੋਸੈਸਿੰਗ ਪਲਾਂਟ ਤੱਕ ਐਨ.ਜੀ.ਟੀ. ਦੇ ਹੁਕਮ ਮੁਤਾਬਿਕ ਪਹੁੰਚਾਇਆ ਜਾ ਸਕੇ। ਇਸ ਕੰਮ ਨੂੰ ਨੇਪਰੇ ਚਾੜਨ ਲਈ ਨਗਰ ਨਿਗਮ ਬਠਿੰਡਾ ਵੱਲੋਂ ਹੇਠ ਲਿਖੇ ਮੁਤਾਬਿਕ ਤਜਵੀਜ਼ ਬਣਾਈ ਗਈ ਹੈ:-

ਬਠਿੰਡਾ ਸ਼ਹਿਰ ਵਿੱਚ ਪਹਿਲਾਂ ਜੇ.ਆਈ. ਟੀ. ਐਫ. ਕੰਪਨੀ ਵੱਲੋਂ ਆਪਣੇ ਪੱਧਰ ਤੇ ਘਰਾਂ ਦਾ ਕੂੜਾ ਚੁੱਕਿਆ ਜਾਂਦਾ ਸੀ ਅਤੇ ਘਰਾਂ ਤੋਂ ਨਗਰ ਨਿਗਮ ਵੱਲੋਂ ਫਿਕਸ ਯੂਜ਼ਰ ਚਾਰਜਿਜ਼ ਵੀ ਕੰਪਨੀ ਵੱਲੋਂ ਆਪਣੇ ਪੱਧਰ ਤੇ ਲਏ ਜਾਂਦੇ ਸਨ। ਪਰ ਹੁਣ ਕੰਪਨੀ ਕੂੜਾ ਕੂਲੈਕਸ਼ਨ ਦਾ ਕੰਮ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਹੁਕਮਾਂ ਅਨੁਸਾਰ ਮਿਤੀ 30.04.2018 ਤੋਂ ਛੱਡ ਜਾਵੇਗੀ। ਮਿਤੀ 30.04.2018 ਤੋਂ ਬਾਅਦ ਜੋ ਵੀ ਚਾਹਵਾਨ ਹੋਵੇਗਾ, ਉਹ ਘਰਾਂ ਵਿੱਚੋਂ ਕੂੜਾ ਕੂਲੈਕਟ ਕਰਕੇ ਸੈਕੰਡਰੀ ਪੁਆਇੰਟ ਤੱਕ ਪਹੁੰਚਾਏਗਾ ਅਤੇ ਨਗਰ ਨਿਗਮ ਵੱਲੋਂ ਫਿਕਸ ਯੂਜ਼ਰ ਚਾਰਜਿਜ਼ ਉਹੀ ਵਿਅਕਤੀ ਘਰਾਂ ਤੋਂ ਆਪਣੇ ਪੱਧਰ ਤੇ ਲੈ ਸਕਦਾ ਹੈ। ਇਸ ਵਿੱਚ ਨਗਰ ਨਿਗਮ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਇਹ ਵੀ ਦਸਣਯੋਗ ਹੈ ਕਿ ਕੰਪਨੀ ਵੱਲੋਂ ਸ਼ਹਿਰ ਦੇ ਕਾਫੀ ਹਿੱਸੇ ਵਿੱਚੋਂ ਕੂੜਾ ਨਹੀਂ ਚੁੱਕਿਆ ਜਾ ਰਿਹਾ ਸੀ, ਉਨ੍ਹਾਂ ਘਰਾਂ ਵਿੱਚੋਂ ਵੀ ਕੂੜਾ ਚੁੱਕਣ ਦਾ ਕੰਮ ਚਾਹਵਾਨ ਵਿਅਕਤੀ ਆਪਣੇ ਪੱਧਰ ਤੇ ਕਰ ਸਕਦੇ ਹਨ ਅਤੇ ਨਗਰ ਨਿਗਮ ਵੱਲੋਂ ਫਿਕਸ ਯੂਜ਼ਰ ਚਾਰਜਿਜ਼ ਵੀ ਉਹੀ ਚਾਹਵਾਨ ਵਿਅਕਤੀ ਆਪਣੇ ਪੱਧਰ ਤੇ ਕੂਲੈਕਟ ਕਰਨਗੇ, ਜਿਸ ਵਿੱਚ ਨਗਰ ਨਿਗਮ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਇਹਨਾਂ ਏਰੀਆ ਵਿੱਚੋਂ ਕੂੜਾ ਚੁੱਕਣ ਲਈ 50 ਹੋਰ ਰਿਕਸ਼ਾ ਰੇਹੜੀਆਂ ਲੋੜੀਂਦੀਆਂ ਹਨ, ਜਿੰਨ੍ਹਾਂ ਦੀ ਖਰੀਦ ਕਰਨ ਤੇ ਤਕਰੀਬਨ 10.00 ਲੱਖ ਰੁਪਏ ਖਰਚਾ ਆਵੇਗਾ, ਜੋ ਕਿ ਸਵੱਛ ਭਾਰਤ ਮਿਸ਼ਨ ਤਹਿਰ ਪ੍ਰਾਪਤ ਗਰਾਂਟ ਵਿੱਚੋਂ ਖਰੀਦ ਕਰਕੇ ਇਹਨਾਂ ਚਾਹਵਾਨ ਵਿਅਕਤੀਆਂ ਨੂੰ ਮਦਦ ਦੇ ਤੋਰ ਤੇ ਮੁਹੱਈਆ ਕਰਵਾ ਦਿੱਤੇ ਜਾਣਗੇ।

ਉਕਤ ਮੁਤਾਬਿਕ ਇਕਠਾ ਕੀਤਾ ਕੂੜਾ ਸੈਕੰਡਰੀ ਪੁਆਇੰਟਜ਼ ਤੇ ਆ ਜਾਵੇਗਾ। ਉੱਥੋਂ ਇਹ ਕੂੜਾ ਪ੍ਰੋਸੈਸਿੰਗ ਪਲਾਂਟ ਤੱਕ ਪਹੁੰਚਾਉਣ ਲਈ ਚਾਰ ਕੰਪੈਕਟਰ/ਡੰਪਰ ਪਲੇਸਰ ਲੋੜੀਂਦੇ ਹਨ। ਨਗਰ ਨਿਗਮ ਪਾਸ ਇਕ ਕੰਪੈਕਟਰ ਅਤੇ ਇਕ ਡੰਪਰ ਪਲੇਸਰ ਉਪਲੱਬਧ ਹੈ, ਜੋ ਕਿ ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਰਿਪੇਅਰ ਕਰਵਾਇਆ ਜਾਵੇਗਾ। ਬਾਕੀ ਦੇ ਦੋ ਕੰਪੈਕਟਰ/ਡੰਪਰ ਪਲੇਸਰ ਜੱਦ ਤੱਕ ਨਗਰ ਨਿਗਮ ਬਠਿੰਡਾ ਵੱਲੋਂ ਆਪਣੇ ਖਰੀਦ ਨਹੀਂ ਕਰ ਲਏ ਜਾਂਦੇ, ਤੱਦ ਤੱਕ ਕੰਪਨੀ ਵੱਲੋਂ ਕਿਰਾਏ ਤੇ ਲੈ ਕੇ ਵਰਤੇ ਜਾਣਗੇ। ਇਹਨਾਂ ਦੋ ਨਵੇਂ ਕੰਪੈਕਟਰ/ ਡੰਪਰ ਪਲੈਸਰਾਂ ਦੀ ਖਰੀਦ ਕਰਨ ਤੇ ਤਕਰੀਬਨ 60.00 ਲੱਖ ਰੁਪਏ ਖਰਚਾ ਆਵੇਗਾ, ਜੋ ਕਿ ਸਵੱਛ ਭਾਰਤ ਮਿਸ਼ਤ ਤਹਿਤ ਪ੍ਰਾਪਤ ਗਰਾਂਟ ਵਿੱਚੋਂ ਖਰਚਿਆ ਜਾਵੇਗਾ। ਹਰੇਕ ਸੈਕੰਡਰੀ ਕੂਲੈਕਸ਼ਨ ਪੁਆਇੰਟ ਤੇ ਇਕ ਕਰਮਚਾਰੀ ਲਗਾਉਣਾ ਯੋਗ ਹੋਵੇਗਾ ਤਾਂ ਜੋ ਰਿਕਸ਼ੇ/ਰੇਹੜੀਆਂ ਵਾਲਾ ਕੂੜਾ ਕੂੜੇਦਾਨਾਂ ਵਿੱਚ ਪਾਇਆ ਜਾ ਸਕੇ ਅਤੇ ਸੈਕੰਡਰੀ ਕੂਲੈਕਸ਼ਨ ਪੁਆਇੰਟਜ਼ ਤੇ ਕੋਈ ਲਿਟਰਿੰਗ ਨਾ ਹੋਵੇ।

ਉਕਤ ਤਜਵੀਜ਼ ਦੇ ਖਰਚੇ ਦਾ ਤਖਮੀਨਾ ਤਕਰੀਬਨ 27.30 ਲੱਖ ਰੁਪਏ 3 ਮਹੀਨਿਆਂ ਲਈ ਤਿਆਰ ਕੀਤਾ ਗਿਆ ਹੈ।

ਜੇਕਰ ਨਗਰ ਨਿਗਮ ਬਠਿੰਡਾ ਵੱਲੋਂ ਕੂੜੇ ਦੀ ਕੁਲੈਕਸ਼ਨ ਅਤੇ ਢੁਆਈ ਦਾ ਕੰਮ ਮਿਤੀ 01.05.2018 ਤੋਂ ਕੀਤਾ ਨਹੀਂ ਜਾਂਦਾ ਤਾਂ ਹੇਠ ਲਿਖਿਆਂ ਚੁਣੋਤੀਆਂ ਹਨ:-

**1. ਸ਼ਹਿਰ ਵਿੱਚੋਂ ਕੂੜਾ ਚੁੱਕਣਾ ਨਗਰ ਨਿਗਮ ਦੀ ਮੁੱਢਲੀ ਜਿੰਮੇਵਾਰੀ ਹੈ।**

**2. ਸ਼ਹਿਰ ਵਿੱਚ ਮਹਾਂਮਾਰੀ ਫੈਲ ਸਕਦੀ ਹੈ।**

**3. ਸ਼ਹਿਰ ਦੀ ਦਿਖ ਖਰਾਬ ਹੋਵੇਗੀ।**

**4. ਮਾਨਯੋਗ ਐਨ.ਜੀ.ਟੀ. ਦੇ ਹੁਕਮਾਂ ਦੀ ਉਲਘੰਣਾ ਹੋਵੇਗੀ।**

**5. ਮਿਉਂਸਪਲ ਸਾਲਿਡ ਵੇਸਟ ਮੈਨੇਜ਼ਮੈਂਟ ਰੂਲ 2016 ਦੀ ਉਲੰਘਣਾ ਹੋਵੇਗੀ।**

ਉਕਤ ਅਨੁਸਾਰ ਬਠਿੰਡਾ ਸ਼ਹਿਰ ਵਿੱਚੋਂ ਕੂੜੇ ਦੀ ਡੋਰ ਟ ਡੋਰ ਕੂਲੈਕਸ਼ਨ ਅਤੇ ਢੁਆਈ ਸਬੰਧੀ ਬਣਾਈ ਤਜਵੀਜ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ।

| ਮਤਾ ਨੰਬਰ 12: | ਪ੍ਰਵਾਨ ਹੈ। |
|---|---|

| ਮਤਾ ਨੰਬਰ | ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018 |
|---|---|

| 12 | ਮਤੇ ਦੀ ਕਾਪੀ ਮੁੱਖ ਇੰਜੀਨੀਅਰ (ਓ.ਐਂਡ ਐਮ.) ਨੂੰ ਟਿੱਪਣੀ ਲਈ ਭੇਜੀ ਗਈ ਹੈ। |
|---|---|

**ਏਜੰਡਾ ਨੰਬਰ 2 :**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਬਣਾਈ ਸਬ-ਕਮੇਟੀ ਦੀ ਮੀਟਿੰਗ ਮਿਤੀ 17.04.2018 ਨੂੰ ਸਵੇਰੇ 11.00 ਵਜੇ ਨਗਰ ਨਿਗਮ ਦਫਤਰ ਵਿਖੇ ਹੋਈ। ਸਬ-ਕਮੇਟੀ ਵੱਲੋਂ ਹੇਠ ਲਿਖੇ ਅਨੁਸਾਰ ਕੇਸਾਂ ਵਿੱਚ ਆਪਣੀ ਰਿਪੋਰਟ ਕੀਤੀ ਗਈ।

**1.**

ਰਿਪੋਰਟ ਸਿਹਤ ਸ਼ਾਖਾ ਕਿ ਦਫਤਰੀ ਹੁਕਮ ਨੰ: 185/ਏ ਮਿਤੀ 25.10.2017 ਰਾਹੀਂ ਸੈਨਟਰੀ ਇੰਸਪੈਕਟਰ ਦਾ ਡਿਪਲੋਮਾ ਜਿਹਨਾਂ ਕਰਮਚਾਰੀਆਂ ਨੇ ਮਾਨਤਾ ਪ੍ਰਾਪਤ ਸੰਸਥਾਂ ਵੱਲੋਂ ਪਾਸ ਕੀਤਾ ਹੈ ਉਹ ਕਰਮਚਾਰੀ 15 ਦਿਨਾਂ ਦੇ ਅੰਦਰ-ਅੰਦਰ ਲੇਖਾ ਸ਼ਾਖਾ ਵਿਚ ਅਪਲਾਈ ਕਰਨਗੇ। ਜਿਸ ਦੇ ਸਬੰਧ ਵਿਚ ਹੇਠ ਦਰਸਾਏ ਕਰਮਚਾਰੀਆਂ ਨੇ ਆਪਣੀ ਦਰਖਾਸਤ ਰਾਹੀਂ ਸੈਨਟਰੀ ਸੁਪਰਵਾਈਜ਼ਰ ਦੀ ਆਸਾਮੀ ਤੇ ਤਰੱਕੀ ਲਈ ਸੀਨੀਆਰਤਾ ਦੇ ਆਧਾਰ ਤੇ ਅਪਲਾਈ ਕੀਤਾ ਸੀ।

| ਲੜੀ ਨੰ: | ਨਾਮ/ ਪਿਤਾ ਦਾ ਨਾਮ | ਅਹੁੱਦਾ | ਜੁਆਈਨਿੰਗ ਮਿਤੀ | ਜਨਮ ਮਿਤੀ | ਯੋਗਤਾ | S.I ਡਿਪਲੋਮਾ/ ਕੋਰਸ ਪਾਸ ਕਰਨ ਦੀ ਮਿਤੀ | ਵਿਸ਼ੇਸ਼ ਕਥਨ |
|---|---|---|---|---|---|---|---|
| 1 | ਸ਼੍ਰੀ ਅਕਾਸ਼ਦੀਪ ਸ਼ਰਮਾ ਪੁੱਤਰ ਸ਼੍ਰੀ ਰਾਜੇਸ਼ ਕੁਮਾਰ ਸ਼ਰਮਾ | ਸੇਵਾਦਾਰ | 23.08.2004 | 14.08.1985 | ਬਾਰਵੀਂ (03/2011 | 16.03.2016 | |
| 2 | ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਸ਼੍ਰੀ ਦੁਰਗਾ ਦਾਸ | ਸਫਾਈ ਸੇਵਕ | 04.04.2005 | 09.03.1979 | ਬਾਰਵੀਂ (09/2015) | 09.08.2017 | ਵੱਧੀਆ ਕਾਰਗੁਜਾਰੀ ਲਈ ਦੋ ਪ੍ਰਸ਼ੰਸ਼ਾ ਪੱਤਰ |
| 3 | ਸ਼੍ਰੀ ਰਮਨਦੀਪ ਸ਼ਰਮਾ ਪੁੱਤਰ ਸ਼੍ਰੀ ਪਵਨ ਕੁਮਾਰ | ਸੇਵਾਦਾਰ | 15.10.2010 | 31.10.1992 | ਬਾਰਵੀਂ (02/2009) | 16.03.2016 | |
| 4 | ਸ਼੍ਰੀ ਵਿਨੋਦ ਕੁਮਾਰ ਪੁੱਤਰ ਸ਼੍ਰੀ ਪੂਰਨ ਚੰਦ | ਸਫਾਈ ਸੇਵਕ | 16.12.2011 | 08.04.1979 | ਬਾਰਵੀਂ (09/2015) | 09.08.2017 | |
| 5 | ਸ਼੍ਰੀ ਕਰਨ ਕੁਮਾਰ ਪੁੱਤਰ ਸ਼੍ਰੀ ਪਿਆਰੇ ਲਾਲ | ਸਫਾਈ ਸੇਵਕ | 17.12.2011 | 12.12.1980 | ਬਾਰਵੀਂ (03/2000) | 12.08.2016 | |
| 6 | ਮਿਸ ਰਮਨਜੋਤ ਕੋਰ ਪੁੱਤਰ ਸ਼੍ਰੀ ਬਲਵੀਰ ਸਿੰਘ | ਸੇਵਾਦਾਰ | 20.12.2012 | 05.12.1994 | ਬੀ.ਏ (04/2014) | 09.08.2017 | |

ਉਕਤ ਅਨੁਸਾਰ ਕਰਮਚਾਰੀਆਂ ਵੱਲੋਂ ਦਿੱਤੀਆਂ ਪ੍ਰਤੀ ਬੇਨਤੀਆਂ ਨੂੰ ਮੁੱਖ ਰੱਖਦੇ ਹੋਏ ਸੈਨੇਟਰੀ ਸੁਪਰਵਾਈਜ਼ਰ ਦੀ ਤਰੱਕੀ ਦੇਣ ਤੋਂ ਪਹਿਲਾਂ ਸਬੰਧਤ ਬਰਾਂਚ ਮੁਖੀਆ ਪਾਸੋਂ ਉਕਤ ਕਰਮਚਾਰੀਆਂ ਦੇ ਕੰਮ ਅਤੇ ਵਿਵਹਾਰ ਸਬੰਧੀ ਰਿਪੋਰਟ ਅਤੇ ਪੰਜ ਸਾਲਾਂ ਦੀਆਂ ਗੁਪਤ ਰਿਪੋਰਟ ਲਈਆਂ ਗਈਆਂ ਜਿਸ ਅਨੁਸਾਰ ਕਰਮਚਾਰੀਆਂ ਦਾ ਕੰਮ ਅਤੇ ਵਿਵਹਾਰ ਤੱਸਲੀਬਖਸ਼ ਹੈ। ਇਸ ਤੋਂ ਬਾਅਦ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੇ ਹੁਕਮ ਮਿਤੀ 09.01.2018 ਅਨੁਸਾਰ ਕੇਸ ਮਾਨਯੋਗ ਐੈਲ.ਏ ਨਗਰ ਨਿਗਮ ਪਾਸ ਭੇਜਿਆ ਗਿਆ ਕਿ ਇਹ ਪੋਸਟਾ ਤੱਰਕੀ ਰਾਹੀਂ ਭਰਿਆ ਜਾ ਸਕਦੀਆ ਹਨ ਕਿ ਨਹੀਂ। ਜਿਸ ਅਨੁਸਾਰ ਮਾਨਯੋਗ ਐਲ.ਏ ਸਾਹਿਬ ਜੀ ਵੱਲੋਂ ਆਪਣੀ ਰਾਏ ਵਿਚ ਲਿਖਿਆ ਗਿਆ ਹੈ ਕਿ ਨਗਰ ਨਿਗਮ ਵੱਲੋਂ ਮਤਾ ਨੰ: 40 ਮਿਤੀ 21.01.2016 ਰਾਹੀਂ ਪੋਸਟਾਂ ਦੀ ਰਚਨਾ ਕਰਨਾ ਪਾਸ ਕੀਤਾ ਹੈ। ਸੈਨੇਟਰੀ ਸੁਪਰਵਾਈਜਰ ਦੀ ਆਸਾਮੀ ਲਈ ਕੋਈ ਰੂਲ ਨਹੀਂ ਹੈ। ਇਸ ਸਬੰਧੀ ਨਗਰ ਨਿਗਮ ਹੀ ਸਮਰੱਥ ਅਥਾਰਟੀ ਹੈ। ਇਸ ਤੋਂ ਪਹਿਲਾਂ ਪ੍ਰਮੋਟ ਹੋਏ ਤਿੰਨ ਸਫਾਈ ਕਰਮਚਾਰੀਆਂ ਦੀ ਯੋਗਤਾ ਵੀ ਸੈਨੇਟਰੀ ਇੰਸਪੈਕਟਰ ਦਾ ਡਿਪਲੋਮਾ ਅਤੇ ਘੱਟੋ-ਘੱਟ ਛੇ ਸਾਲ ਦੀ ਸਰਵਿਸ ਪੂਰੀ ਕਰਨ ਉਪਰੰਤ ਪ੍ਰਮੋਟ ਹੋਏ ਹਨ।ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਨਾਮ/ ਪਿਤਾ ਦਾ ਨਾਮ ਅਹੁੱਦਾ | ਜੁਆਈਨਿੰਗ ਮਿਤੀ ਬਤੌਰ ਸਫਾਈ ਕਰਮਚਾਰੀ | ਜੁਆਈਨਿੰਗ ਮਿਤੀ ਬਤੌਰ ਸੈਨਟਰੀ ਸੁਪਰਵਾਈਜ਼ਰ | ਜਨਮ ਮਿਤੀ | ਯੋਗਤਾ | S.I ਡਿਪਲੋਮਾ/ ਕੋਰਸ ਪਾਸ ਕਰਨ ਦੀ ਮਿਤੀ | ਵਿਸ਼ੇਸ਼ ਕਥਨ |
|---|---|---|---|---|---|---|---|
| 1 | ਸ਼੍ਰੀ ਰਾਕੇਸ਼ ਕੁਮਾਰ,ਸੈਨਟਰੀ ਸੁਪਰਵਾਈਜ਼ਰ | 01.10.1991 | 15.04.1997 | 14.03.1968 | ਦਸਵੀਂ ਪਾਸ | 1995 | ਪ੍ਰਮੋਸ਼ਨ ਲਗਭਗ 6 ਸਾਲ ਬਾਅਦ ਕੀਤੀ ਗਈ |
| 2 | ਸ਼੍ਰੀ ਨਰੇਸ਼ ਕੁਮਾਰ, ਸੈਨਟਰੀ ਸੁਪਰਵਾਈਜ਼ਰ | 21.12.1990 | 17.04.1998 | 08.08.1963 | ਦਸਵੀਂ ਪਾਸ | 1994 | ਪ੍ਰਮੋਸ਼ਨ ਲਗਭਗ 7 ਸਾਲ ਬਾਅਦ ਕੀਤੀ ਗਈ |
| 3 | ਸ਼੍ਰੀ ਰਵੀ ਕੁਮਾਰ, ਸੈਨਟਰੀ ਸੁਪਰਵਾਈਜ਼ਰ | 13.03.2002 | 05.11.2014 | 10.08.1974 | ਬੀ.ਏ+ਕੰਪਿਊਟਰ ਡਿਪਲੋਮਾ | 2006 | ਪ੍ਰਮੋਸ਼ਨ ਲਗਭਗ 13 ਸਾਲ ਬਾਅਦ ਕੀਤੀ ਗਈ |

ਇਸ ਤਰ੍ਹਾਂ ਦਫਤਰ ਨੋਟ ਅਨੁਸਾਰ ਉਕਤ ਵਿਚੋਂ ਲੜੀ ਨੰ: 1 ਤੋਂ 5 ਤੱਕ ਪੱਦ-ਉਨਤ ਹੋ ਸਕਦੇ ਹਨ। ਇਸ ਬਾਬਤ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਮਾਨਯੋਗ ਕਮਿਸ਼ਨਰ ਸਾਹਿਬ ਜੀ ਦੇ ਹੁਕਮ ਮਿਤੀ 08.03.2018 ਰਾਹੀ ਬਣਾਈ ਕਮੇਟੀ ਵੱਲੋਂ ਦਿੱਤੀ ਰਿਪੋਰਟ ਅਨੁਸਾਰ ਕਰਮਚਾਰੀਆਂ ਦੇ ਸਲਾਨਾ ਗੁਪਤ ਰਿਪੋਰਟਾਂ ਚੈਕ ਕੀਤੀਆਂ ਗਈਆ ਜੋ ਦਰੁੱਸਤ ਜਾਪਦੀਆ ਹਨ, ਕਰਮਚਾਰੀਆਂ ਦੇ ਅਕੈਡਮਿਕ ਸਰਟੀਫਿਕੇਟ ਚੈੱਕ ਕੀਤੇ ਗਏ ਇਹ ਵੀ ਦਰੁੱਸਤ ਜਾਪਦੇ ਹਨ ਅਤੇ ਕਰਮਚਾਰੀਆਂ ਦੇ ਪ੍ਰੋਫੈਸ਼ਨਲ (ਸੈਨਟਰੀ ਇੰਸਪੈਕਟਰ ਡਿਪਲੋਮਾ ਕੋਰਸ) ਸਰਟੀਫਿਕੇਟ ਚੈੱਕ ਕੀਤੇ ਗਏ ਜੋ ਕਿ ਆਲ ਇੰਡੀਆ ਇੰਸਟੀਚਿਊਟ ਆਫ ਲੋਕਲ ਸੈਲਫ ਗੌਰਮਿੰਟ, ਸਥਾਨਿਕ ਰਾਜ ਭਵਨ,ਸੀ.ਡੀ.ਬਰਫੀਵਾਲਾ ਮਾਰਗ,ਅੰਧੇਰੀ (ਵੈਸਟ) ਮੁੰਬਈ ਵੱਲੋਂ ਜਾਰੀ ਕੀਤੇ ਗਏ ਹਨ। ਪ੍ਰਾਰਥੀਆਂ ਵੱਲੋਂ ਦੱਸਿਆ ਗਿਆ ਹੈ ਕਿ ਇਹ ਡਾਇਰੈਕਟਰ ਲੋਕਲ ਗੌਰਮਿੰਟ ਵੱਲੋਂ ਅਪਰੂਵਡ ਹਨ।

ਵਿਚਾਰ ਅਧੀਨ ਰਿਪੋਰਟ ਅਤੇ ਉਕਤ ਕਮੇਟੀ ਵੱਲੋਂ ਦਿੱਤੀ ਕਾਰਵਾਈ ਰਿਪੋਰਟ ਅਨੁਸਾਰ ਸਬੰਧਤ ਕਰਮਚਾਰੀਆਂ ਵਿਚੋਂ ਸੈਨੇਟਰੀ ਸੁਪਰਵਾਈਜ਼ਰ ਦੀਆਂ ਖਾਲੀ ਪਈਆਂ ਆਸਾਮੀਆਂ ਤੇ ਪੱਦ ਉਨਤ ਕਰਨ ਸਬੰਧੀ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| ਸਬ-ਕਮੇਟੀ ਦਾ ਫੈਸਲਾ : | **ਸਰਵ-ਸੰਮਤੀ ਨਾਲ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |
|---|---|

2

ਰਿਪੋਰਟ ਸਿਹਤ ਸ਼ਾਖਾ ਕਿ ਸ਼੍ਰੀ ਭੂਪ ਸਿੰਘ ਪੁੱਤਰ ਸ਼੍ਰੀ ਧਰਮ ਚੰਦ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦੇ ਸੀ । ਜਿਸ ਦੀ ਮਿਤੀ 26.02.2017 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਦਿਨੇਸ਼ ਕੁਮਾਰ ਪੁੱਤਰ ਭੂਪ ਸਿੰਘ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਦਿਨੇਸ਼ ਕੁਮਾਰ ਪੁੱਤਰ ਭੂਪ ਸਿੰਘ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ, ਇਕ ਭੈਣ ਪੂਜਾ ਅਤੇ ਇਕ ਭਰਾ ਅਜੈ ਕੁਮਾਰ ਹੈ। ਜਿਨ੍ਹਾਂ ਨੇ ਸ਼੍ਰੀ ਦਿਨੇਸ਼ ਕੁਮਾਰ ਦੇ ਹਕ ਵਿਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਦਿਨੇਸ਼ ਕੁਮਾਰ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਦਿਨੇਸ਼ ਕੁਮਾਰ ਪੜਨਾ ਲਿਖਣਾ ਜਾਣਦਾ ਹੈ ਅਤੇ ਪੜਾਈ ਦੇ ਸਰਟੀਫਿਕੇਟ ਅਨੁਸਾਰ ਉਸਦੀ ਜਨਮ ਮਿਤੀ 12.12.1982 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ।

ਇੱਥੇ ਇਹ ਦੱਸਣਯੋਗ ਹੈ ਕਿ ਮ੍ਰਿਤਕ ਦੀ ਪਤਨੀ ਸ਼੍ਰੀਮਤੀ ਕਮਲਾ ਪਤਨੀ ਸ਼੍ਰੀ ਭੂਪ ਸਿੰਘ ਨਗਰ ਨਿਗਮ ਵਿਖੇ ਸਫਾਈ ਸੇਵਿਕਾ ਕੰਮ ਕਰ ਰਹੀ ਹੈ।ਪਰੰਤੂ ਨਾਲ ਹੀ ਪ੍ਰਾਰਥੀ ਨੇ ਹਲਫੀਆ ਬਿਆਨ ਵਿਚ ਇਹ ਵੀ ਲਿਖ ਕੇ ਦਿੱਤਾ ਹੈ ਕਿ ਉਹ ਘਰੇਲੂ ਝਗੜੇ ਕਾਰਨ ਆਪਣੇ ਪਿਤਾ ਦੀ ਮੌਤ ਤੋਂ ਪਹਿਲਾਂ ਹੀ ਪਰਿਵਾਰ ਤੋਂ ਵੱਖ ਕਿਰਾਏ ਦੇ ਮਕਾਨ ਵਿਚ ਆਪਣੇ ਪਿਤਾ ਨਾਲ ਰਹਿ ਰਿਹਾ ਸੀ ਅਤੇ ਆਪਣੇ ਪਿਤਾ ਤੇ ਹੀ ਨਿਰਭਰ ਸੀ। ਇਸ ਸਬੰਧੀ ਪ੍ਰਾਰਥੀ ਦੇ ਮਕਾਨ ਮਾਲਕ ਅਤੇ ਵਾਰਡ ਕੌਂਸਲਰ ਵੱਲੋਂ ਵੀ ਤਸਦੀਕ ਕੀਤਾ ਗਿਆ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: 2/65/2003-1ਸਸ1/9653 ਮਿਤੀ 12/14-6-2004 ਦੇ ਹਦਾਇਤ ਨੰ: 6 ਅਨੁਸਾਰ ਪ੍ਰਾਰਥੀ ਦੇ ਪਰਿਵਾਰ ਵਿਚ ਕੋਈ ਵੀ ਮੈਂਬਰ ਪਹਿਲਾ ਹੀ ਨੋਕਰੀ (ਸਰਕਾਰੀ ਅਤੇ ਗੈਰ ਸਰਕਾਰੀ) ਕਰਦਾ ਹੋਵੇ ਤਾਂ ਅਧਿਕਾਰੀ ਉਸ ਉਮੀਦਵਾਰ ਦੇ ਪਰਿਵਾਰ ਦੇ ਵਿੱਤੀ ਹਾਲਾਤਾਂ ਨੂੰ ਸਰਕਾਰੀ ਹਦਾਇਤਾਂ ਅਨੁਸਾਰ ਮੁੱਖ ਰੱਖ ਕੇ ਨਿਯੁਕਤੀ ਦੀ ਕਾਰਵਾਈ ਕਰੇਗਾ। ਇਸ ਲਈ ਸ਼੍ਰੀ ਦਿਨੇਸ਼ ਕੁਮਾਰ ਨੂੰ ਉਸਦੇ ਪਿਤਾ ਸਵ: ਭੂਪ ਸਿੰਘ ਪੁੱਤਰ ਸ਼੍ਰੀ ਧਰਮ ਚੰਦ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| ਸਬ-ਕਮੇਟੀ ਦਾ ਫੈਸਲਾ : | **ਸ਼੍ਰੀ ਜਸਵੀਰ ਸਿੰਘ, ਕੌਂਸਲਰ ਵੱਲੋਂ ਕਾਨੂੰਨੀ ਰਾਏ ਲੈਣ ਦੀ ਸਿਫਾਰਸ਼ ਕੀਤੀ ਗਈ, ਜਦਕਿ ਸਰਵ ਸ਼੍ਰੀ ਬਲਜੀਤ ਸਿੰਘ ਸਰਾਂ, ਸ਼੍ਰੀ ਅਸ਼ੇਸ਼ਰ ਪਾਸਵਾਨ, ਸ਼੍ਰੀਮਤੀ ਸੁਖਵਿੰਦਰ ਕੋਰ ਅਤੇ ਸ਼੍ਰੀਮਤੀ ਕਰਮਜੀਤ ਕੋਰ ਗਿਆਨਾ, ਕੌਂਸਲਰ ਸਾਹਿਬਾਨਾਂ ਵੱਲੋਂ ਬਹੁ-ਸੰਮਤੀ ਨਾਲ ਪਾਸ ਕਰਨ ਲਈ ਪ੍ਰਵਾਨ ਕੀਤਾ ਜਾਂਦਾ ਹੈ।** |
|---|---|

3

ਰਿਪੋਰਟ ਸਿਹਤ ਸ਼ਾਖਾ ਕਿ ਸ਼੍ਰੀਮਤੀ ਵੀਰਵਤੀ ਪਤਨੀ ਬਜਿੰਦਰ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 06.01.2017 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰਨ ਦੇ ਪੁੱਤਰ ਸ਼੍ਰੀ ਮੁਕੇਸ਼ ਪੁੱਤਰ ਬਜਿੰਦਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਮੁਕੇਸ਼ ਪੁੱਤਰ ਬਜਿੰਦਰ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਤੋਂ ਇਲਾਵਾ ਉਸ ਦਾ ਪਿਤਾ, ਇਕ ਭਰਾ ਰਾਕੇਸ਼, ਦੋ ਭੈਣਾਂ ਰੇਖਾ ਰਾਣੀ ਅਤੇ ਸੁਨੀਤਾ ਹਨ। ਜਿਨ੍ਹਾਂ ਨੇ ਸ਼੍ਰੀ ਮੁਕੇਸ਼ ਦੇ ਹਕ ਵਿਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਮੁਕੇਸ਼ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ, ਉਹ ਪੜਨਾ ਲਿਖਣਾ ਜਾਣਦਾ ਹੈ ਅਤੇ ਉਸਦੀ ਜਨਮ ਮਿਤੀ 01.01.1983 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ।

ਇੱਥੇ ਇਹ ਦੱਸਣਯੋਗ ਹੈ ਕਿ ਮ੍ਰਿਤਕਾ ਦਾ ਪਤੀ ਸ਼੍ਰੀ ਬਜਿੰਦਰ ਪੁੱਤਰ ਖਚੇੜਾ ਨਗਰ ਨਿਗਮ ਵਿਖੇ ਸਫਾਈ ਸੇਵਕ ਕੰਮ ਕਰ ਰਿਹਾ ਹੈ। ਪਰੰਤੂ ਨਾਲ ਹੀ ਪ੍ਰਾਰਥੀ ਨੇ ਹਲਫੀਆ ਬਿਆਨ ਵਿਚ ਇਹ ਵੀ ਲਿਖ ਕੇ ਦਿੱਤਾ ਹੈ ਕਿ ਉਹ ਘਰੇਲੂ ਝਗੜੇ ਕਾਰਨ ਆਪਣੀ ਮਾਤਾ ਦੀ ਮੌਤ ਤੋਂ ਪਹਿਲਾਂ ਹੀ ਪਰਿਵਾਰ ਤੋਂ ਵੱਖ ਕਿਰਾਏ ਦੇ ਮਕਾਨ ਵਿਚ

ਆਪਣੀ ਮਾਤਾ ਨਾਲ ਰਹਿ ਰਿਹਾ ਸੀ ਅਤੇ ਆਪਣੀ ਮਾਤਾ ਤੇ ਹੀ ਨਿਰਭਰ ਸੀ।ਇਸ ਸਬੰਧੀ ਪ੍ਰਾਰਥੀ ਦੇ ਮਕਾਨ ਮਾਲਕ ਅਤੇ ਵਾਰਡ ਕੌਂਸਲਰ ਵੱਲੋਂ ਵੀ ਤਸਦੀਕ ਕੀਤਾ ਗਿਆ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: 2/65/2003-1ਸਸ1/9653 ਮਿਤੀ 12/14-6-2004 ਦੇ ਹਦਾਇਤ ਨੰ: 6 ਅਨੁਸਾਰ ਪ੍ਰਾਰਥੀ ਦੇ ਪਰਿਵਾਰ ਵਿਚ ਕੋਈ ਵੀ ਮੈਂਬਰ ਪਹਿਲਾ ਹੀ ਨੋਕਰੀ (ਸਰਕਾਰੀ ਅਤੇ ਗੈਰ ਸਰਕਾਰੀ) ਕਰਦਾ ਹੋਵੇ ਤਾਂ ਅਧਿਕਾਰੀ ਉਸ ਉਮੀਦਵਾਰ ਦੇ ਪਰਿਵਾਰ ਦੇ ਵਿੱਤੀ ਹਾਲਾਤਾਂ ਨੂੰ ਸਰਕਾਰੀ ਹਦਾਇਤਾਂ ਅਨੁਸਾਰ ਮੁੱਖ ਰੱਖ ਕੇ ਨਿਯੁਕਤੀ ਦੀ ਕਾਰਵਾਈ ਕਰੇਗਾ। ਇਸ ਲਈ ਸ਼੍ਰੀ ਮੁਕੇਸ਼ ਨੂੰ ਉਸਦੀ ਮਾਤਾ ਸਵ: ਵੀਰਵਤੀ ਪਤਨੀ ਸ਼੍ਰੀ ਬਜਿੰਦਰ, ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਸ਼੍ਰੀ ਜਸਵੀਰ ਸਿੰਘ, ਕੌਂਸਲਰ ਵੱਲੋਂ ਕਾਨੂੰਨੀ ਰਾਏ ਲੈਣ ਦੀ ਸਿਫਾਰਸ਼ ਕੀਤੀ ਗਈ, ਜਦਕਿ ਸਰਵ ਸ਼੍ਰੀ ਬਲਜੀਤ ਸਿੰਘ ਸਰਾਂ, ਸ਼੍ਰੀ ਅਸ਼ੇਸ਼ਰ ਪਾਸਵਾਨ, ਸ਼੍ਰੀਮਤੀ ਸੁਖਵਿੰਦਰ ਕੋਰ ਅਤੇ ਸ਼੍ਰੀਮਤੀ ਕਰਮਜੀਤ ਕੋਰ ਗਿਆਨਾ, ਕੌਂਸਲਰ ਸਾਹਿਬਾਨਾਂ ਵੱਲੋਂ ਬਹੁ-ਸੰਮਤੀ ਨਾਲ ਪਾਸ ਕਰਨ ਲਈ ਪ੍ਰਵਾਨ ਕੀਤਾ ਜਾਂਦਾ ਹੈ।** |

4

ਰਿਪੋਰਟ ਸਿਹਤ ਸ਼ਾਖਾ ਕਿ ਸ੍ਰੀਮਤੀ ਸੰਤੋਸ਼ ਪਤਨੀ ਸ਼੍ਰੀ ਪੱਪੀ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ। ਇਸ ਦੀ ਸੇਵਾ ਦੌਰਾਨ ਮਿਤੀ 25-08-2014 ਨੂੰ ਮੌਤ ਹੋ ਗਈ ਸੀ । ਇਸ ਦੇ ਪੁੱਤਰ ਸ੍ਰੀ ਸੁਰੇਸ਼ ਕੁਮਾਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸੁਰੇਸ਼ ਕੁਮਾਰ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੀ ਇਕ ਭੈਣ ਹੈ। ਉਸ ਦੀ ਭੈਣ ਨੇ ਸ਼੍ਰੀ ਸੁਰੇਸ਼ ਕੁਮਾਰ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਸੁਰੇਸ਼ ਕੁਮਾਰ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਨਾ ਹੀ ਕੋਈ ਚੱਲ ਅਚੱਲ ਸੰਪਤੀ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਸਰਟੀਫਿਕੇਟ ਅਨੁਸਾਰ ਸ਼੍ਰੀ ਸੁਰੇਸ਼ ਕੁਮਾਰ ਪੰਜਵੀ ਜਮਾਤ ਪਾਸ ਹੈ ਅਤੇ ਉਸਦੀ ਜਨਮ ਮਿਤੀ 27-10-1980 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ । ਤਰਸ ਦੇ ਆਧਾਰ ਤੇ ਨਿਯੁੱਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁੱਕਤੀ ਲਈ ਕੇਸ ਵਿਚਾਰਿਆ ਜਾਣਾ ਹੈ । ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿੱਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀ ਸੁਰੇਸ਼ ਕੁਮਾਰ ਪੁੱਤਰ ਸ਼੍ਰੀ ਪੱਪੀ ਨੂੰ ਉਸਦੀ ਮਾਤਾ ਸ਼੍ਰੀਮਤੀ ਸੰਤੋਸ਼ ਪਤਨੀ ਸ਼੍ਰੀ ਪੱਪੀ ਸਫਾਈ ਸੇਵੀਕਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨਿਯੁੱਕਤ ਕਰਨ ਦਾ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਸ਼੍ਰੀ ਜਸਵੀਰ ਸਿੰਘ, ਕੌਂਸਲਰ ਵੱਲੋਂ ਕਾਨੂੰਨੀ ਰਾਏ ਲੈਣ ਦੀ ਸਿਫਾਰਸ਼ ਕੀਤੀ ਗਈ, ਜਦਕਿ ਸਰਵ ਸ਼੍ਰੀ ਬਲਜੀਤ ਸਿੰਘ ਸਰਾਂ, ਸ਼੍ਰੀ ਅਸ਼ੇਸ਼ਰ ਪਾਸਵਾਨ, ਸ਼੍ਰੀਮਤੀ ਸੁਖਵਿੰਦਰ ਕੋਰ ਅਤੇ ਸ਼੍ਰੀਮਤੀ ਕਰਮਜੀਤ ਕੋਰ ਗਿਆਨਾ, ਕੌਂਸਲਰ ਸਾਹਿਬਾਨਾਂ ਵੱਲੋਂ ਬਹੁ-ਸੰਮਤੀ ਨਾਲ ਪਾਸ ਕਰਨ ਲਈ ਪ੍ਰਵਾਨ ਕੀਤਾ ਜਾਂਦਾ ਹੈ।** |

5

ਰਿਪੋਰਟ ਬਾਗਬਾਨੀ ਸ਼ਾਖਾ ਕਿ ਸ਼੍ਰੀ ਗੋਰਾ ਸਿੰਘ ਪੁੱਤਰ ਸ਼੍ਰੀ ਮੱਖਣ ਸਿੰਘ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਮਾਲੀ ਕੰਮ ਕਰਦਾ ਸੀ। ਇਸ ਦੀ ਨੋਕਰੀ ਦੋਰਾਨ ਮਿਤੀ 13.12.2017 ਨੂੰ ਮੋਤ ਹੋ ਗਈ ਸੀ। ਇਸ ਦੇ ਪੁੱਤਰ ਸ਼੍ਰੀ ਗੁਰਪ੍ਰੀਤ ਸਿੰਘ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਸ਼੍ਰੀ ਗੋਰਾ ਸਿੰਘ ਦੀ ਮੋਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੋਕਰੀ ਤੇ ਰੱਖਿਆ ਜਾਵੇ। ਸ਼੍ਰੀ ਗੁਰਪ੍ਰੀਤ ਸਿੰਘ ਵੱਲੋਂ ਦਿੱਤੇ ਗਏ ਹਲਫੀਆ ਬਿਆਨ ਅਨੁਸਾਰ ਉਸ ਦੇ ਪਰਿਵਾਰ ਵਿੱਚ ਉਸਦੀ ਮਾਤਾ (ਗੋਲੋ ਕੋਰ), ਦੋ ਭਰਾ (ਸ਼੍ਰੀ ਜਗਦੀਪ ਸਿੰਘ ਅਤੇ ਕੁਲਦੀਪ ਸਿੰਘ) ਹਨ। ਉਸਦਾ ਇੱਕ ਭਰਾ ਜਗਦੀਪ ਸਿੰਘ ਸ਼ਾਦੀਸ਼ੁਦਾ ਹੈ ਅਤੇ ਕੁਲਦੀਪ ਸਿੰਘ ਕੁਆਰਾ ਹੈ। ਜਿੰਨ੍ਹਾ ਨੇ ਸ਼੍ਰੀ ਗੁਰਪ੍ਰੀਤ ਸਿੰਘ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਮਾਲੀ ਦੀ ਨੋਕਰੀ ਤੇ ਰੱਖਿਆ ਜਾਵੇ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਸ਼੍ਰੀ ਗੁਰਪ੍ਰੀਤ ਸਿੰਘ ਦੇ ਹਲਫੀਆ ਬਿਆਨ ਅਨੁਸਾਰ ਉਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਉਨ੍ਹਾਂ ਪਾਸ ਇੱਕ ਰਿਹਾਇਸ਼ੀ ਮਕਾਨ ਪਿੰਡ ਗੋਬਿੰਦਪੁਰਾ, ਜਿਲ੍ਹਾ ਬਠਿੰਡਾ ਵਿਖੇ (ਤੈਦਾਦੀ 150 ਮੁਰਬਾ ਗਜ਼) ਲਗਭਗ ਤੋਂ ਇਲਾਵਾ ਹੋਰ ਕੋਈ ਚੱਲ ਜਾਂ ਅਚੱਲ ਜਾਇਦਾਦ ਨਹੀਂ ਹੈ। ਉਸਦੀ ਮਾਤਾ ਸ਼੍ਰੀਮਤੀ ਗੋਲੋ ਕੋਰ ਉਸਤੇ ਹੀ ਨਿਰਭਰ ਹੈ। ਇੰਨ੍ਹਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ। ਸ਼੍ਰੀ ਗੁਰਪ੍ਰੀਤ ਸਿੰਘ 12ਵੀਂ ਸ਼੍ਰੇਣੀ ਪਾਸ ਹੈ। ਸਕੂਲੀ ਸਰਟੀਫਿਕੇਟ ਅਨੁਸਾਰ ਉਸਦੀ ਜਨਮ ਮਿਤੀ 03.06.1992 ਹੈ।

ਪੰਜਾਬ ਮਿਉਂਸਪਲ ਦਰਜ਼ਾ ਚਾਰ ਕਰਮਚਾਰੀ ਰੂਲਜ਼ 1986 ਅਨੁਸਾਰ ਮਾਲੀ ਦੀ ਆਸਾਮੀ ਲਈ ਤਰਸ ਦੇ ਆਧਾਰ ਤੇ ਵਿਦਿਅਕ ਯੋਗਤਾ ਮਿਡਲ ਪੰਜਾਬੀ ਸਮੇਤ ਪਾਸ ਹੈ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਪੱਤਰ ਨੰਬਰ 11/94/2002/-4 ਪੀ.ਪੀ.-11/650 ਮਿਤੀ 12.04.2004 ਅਤੇ ਪੱਤਰ ਨੰਬਰ 11/94/2002 ਪੀ.ਪੀ. 11-8403 ਮਿਤੀ 02.04.2004 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ।

ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-ਸਸ/9653 ਮਿਤੀ 12/14.06.2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਆਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀ ਗੋਰਾ ਸਿੰਘ ਪੁੱਤਰ ਸ਼੍ਰੀ ਮੱਖਣ ਸਿੰਘ ਦੀ ਮੋਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਤੋਂ ਪਹਿਲਾਂ ਕੇਸ ਸਰਕਾਰ ਦੇ ਜਾਰੀ ਪੱਤਰ ਨੰਬਰ 31/2011/5ਐਫ.ਈ.-1/301 ਮਿਤੀ 21.02.2011 ਅਨੁਸਾਰ ਕੇਸ ਤਰਸ ਦੇ ਆਧਾਰ ਤੇ ਨੋਕਰੀ ਲਈ ਫਿੱਟ ਜਾਪਦਾ ਹੈ। ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ : | **ਸ਼੍ਰੀ ਜਸਵੀਰ ਸਿੰਘ, ਕੌਂਸਲਰ ਵੱਲੋਂ ਕਾਨੂੰਨੀ ਰਾਏ ਲੈਣ ਦੀ ਸਿਫਾਰਸ਼ ਕੀਤੀ ਗਈ, ਜਦਕਿ ਸਰਵ ਸ਼੍ਰੀ ਬਲਜੀਤ ਸਿੰਘ ਸਰਾਂ, ਸ਼੍ਰੀ ਅਸ਼ੇਸ਼ਰ ਪਾਸਵਾਨ, ਸ਼੍ਰੀਮਤੀ ਸੁਖਵਿੰਦਰ ਕੋਰ ਅਤੇ ਸ਼੍ਰੀਮਤੀ ਕਰਮਜੀਤ ਕੋਰ ਗਿਆਨਾ, ਕੌਂਸਲਰ ਸਾਹਿਬਾਨਾਂ ਵੱਲੋਂ ਬਹੁ-ਸੰਮਤੀ ਨਾਲ ਪਾਸ ਕਰਨ ਲਈ ਪ੍ਰਵਾਨ ਕੀਤਾ ਜਾਂਦਾ ਹੈ।** |

<u>6</u>

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵਿਖੇ ਕੰਮ ਕਰ ਰਹੇ ਸਮੂਹ ਦਰਜ਼ਾ-4 ਕਰਮਚਾਰੀ ਮੰਗ ਕਰ ਰਹੇ ਸਨ ਕਿ ਉਹਨਾਂ ਨੂੰ ਕਲੱਰਕ ਪਦ-ਉਨੱਤ ਕੀਤਾ ਜਾਵੇ। ਪੰਜਾਬ ਸਰਕਾਰ ਦੇ ਪੱਤਰ ਮਿਤੀ 25.08.2009 ਅਨੁਸਾਰ ਦਰਜ਼ਾ-4 ਕਰਮਚਾਰੀਆਂ ਵਿੱਚੋਂ ਕਲਰੱਕ ਪਦ-ਉਨੱਤ ਕਰਨ ਲਈ ਵਿਦਿਅਕ ਯੋਗਤਾ ਮੈਟ੍ਰਿਕ ਪਾਸ, ਘੱਟੋ-ਘੱਟ ਪੰਜ ਸਾਲਾਂ ਦਾ ਤਜ਼ੁਰਬਾ ਅਤੇ ਟਾਇਪ ਟੈਸਟ ਪਾਸ ਹੈ। ਇਸ ਅਨੁਸਾਰ ਦਰਜ਼ਾ-4 ਕਰਮਚਾਰੀਆਂ, ਜਿੰਨ੍ਹਾਂ ਦੀ ਵਿਦਿਅਕ ਯੋਗਤਾ ਮੈਟ੍ਰਿਕ ਪਾਸ ਸੀ, ਦੀ ਸੀਨੀਅਰਤਾ ਸੂਚੀ ਤਿਆਰ ਕੀਤੀ ਗਈ ਸੀ। ਇਸ ਸੀਨੀਅਰਤਾ ਸੂਚੀ ਨੂੰ ਨਿਗਮ ਹਾਊਸ ਵੱਲੋਂ ਮਤਾ ਨੰਬਰ 6 ਮਿਤੀ 14.12.2015 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਕਲੱਰਕ ਦੀ ਆਸਾਮੀ ਲਈ ਰੋਸਟਰ ਰਜਿਸਟਰ ਭਲਾਈ ਵਿਭਾਗ, ਬਠਿੰਡਾ ਤੋਂ ਪ੍ਰਵਾਨ ਕੀਤਾ ਜਾ ਚੁੱਕਿਆ ਹੈ। ਇਸ ਅਨੁਸਾਰ ਮਿਤੀ 30.11.2017 ਨੂੰ ਪੰਜਾਬੀ ਭਾਸ਼ਾ ਵਿਭਾਗ ਦੇ ਨੁਮਾਇੰਦੇ ਵੱਲੋਂ ਟਾਇਪ ਟੈਸਟ ਲਿਤਾ ਗਿਆ ਸੀ। ਇਸ ਟਾਇਪ ਟੈਸਟ ਵਿੱਚ 13 ਕਰਮਚਾਰੀਆਂ ਨੇ ਭਾਗ ਲਿਆ ਸੀ। ਇਹਨਾਂ ਵਿੱਚੋਂ ਸ਼੍ਰੀ ਅਨਿਲ ਕੁਮਾਰ ਸੇਵਾਦਾਰ, ਸ਼੍ਰੀਮਤੀ ਜੋਤੀ ਬਾਲਾ ਸਫਾਈ ਸੇਵਿਕਾ ਅਤੇ ਸ਼੍ਰੀ ਨੀਰਜ ਕੁਮਾਰ, ਸਫਾਈ ਸੇਵਕ ਵੱਲੋਂ ਟਾਇਪ ਟੈਸਟ ਪਾਸ ਕੀਤਾ ਗਿਆ ਸੀ। ਇਹਨਾਂ ਕਰਮਚਾਰੀਆਂ ਦਾ ਨਾਮ ਸੀਨੀਅਰਤਾ ਸੂਚੀ ਵਿੱਚ ਕ੍ਰਮਵਾਰ 27, 33 ਅਤੇ 37 ਦਰਜ਼ ਹੈ। ਇਸ ਤਰ੍ਹਾਂ ਹੀ ਇਹਨਾਂ ਕਾਮਯਾਬ ਕਰਮਚਾਰੀਆਂ ਦਾ ਅੰਗ੍ਰੇਜ਼ੀ ਟਾਇਪ ਟੈਸਟ ਮਿਤੀ 11.01.2018 ਨੂੰ ਭਲਾਈ ਵਿਭਾਗ, ਫਿਰੋਜ਼ਪੁਰ ਵੱਲੋਂ ਲਿਤਾ ਗਿਆ ਸੀ। ਇਸ ਟੈਸਟ ਨੂੰ ਸ਼੍ਰੀਮਤੀ ਜੋਤੀ ਬਾਲਾ ਅਤੇ ਸ੍ਰੀ ਨੀਰਜ ਕੁਮਾਰ ਨੇ ਪਾਸ ਕੀਤਾ ਸੀ। ਇਸ ਤਰ੍ਹਾਂ ਸ਼੍ਰੀਮਤੀ ਜੋਤੀ ਬਾਲਾ ਅਤੇ ਸ਼੍ਰੀ ਨੀਰਜ ਕੁਮਾਰ, ਕਲੱਰਕ ਦੀ ਆਸਾਮੀ ਲਈ ਪਦ-ਉਨੱਤੀ ਕੋਟੇ ਵਿੱਚੋਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ। ਇਹਨਾਂ ਖਿਲਾਫ ਕੋਈ ਕੋਰਟ ਕੇਸ ਜਾਂ ਵਿਭਾਗੀ ਕਾਰਵਾਈ ਪੈਡਿੰਗ ਨਹੀਂ ਹੈ। ਇਹਨਾਂ ਦੀਆ ਸਲਾਨਾ ਗੁਪਤ ਰਿਪੋਰਟਾਂ ਵਿੱਚ ਚੰਗਾ ਟਿੱਪਣੀ ਦਰਜ਼ ਹੈ। ਇਹਨਾਂ ਨੂੰ ਪਦ-ਉਨੱਤ ਕਰਨ ਲਈ ਸਮੱਰਥ ਅਥਾਰਟੀ ਹਾਊਸ ਨਗਰ ਨਿਗਮ ਹੈ। ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ : | **ਇਤਰਾਜ਼ ਪ੍ਰਾਪਤ ਹੋਣ ਕਾਰਨ ਪੈਡਿੰਗ ਰੱਖਿਆ ਜਾਂਦਾ ਹੈ।** |

<u>7</u>

ਦਫਤਰੀ ਰਿਪੋਰਟ ਕਿ ਸ਼੍ਰੀ ਸੰਜੀਵ ਕੁਮਾਰ ਕਲੱਰਕ, ਨਗਰ ਨਿਗਮ ਬਠਿੰਡਾ ਨੇ ਬੇਨਤੀ ਕੀਤੀ ਹੈ ਕਿ ਉਹ ਮਿਤੀ 14.02.2013 ਨੂੰ ਬਤੋਰ ਕਲੱਰਕ ਭਰਤੀ ਹੋਇਆ ਸੀ ਅਤੇ ਉਸਦੀ ਨੋਕਰੀ ਨੂੰ 2 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ। ਉਸਨੇ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਦੀ ਮੰਗ ਕੀਤੀ ਹੈ।

ਸ਼੍ਰੀ ਸੰਜੀਵ ਕੁਮਾਰ, ਕਲੱਰਕ, ਨਗਰ ਨਿਗਮ ਬਠਿੰਡਾ ਵਿਖੇ ਮਿਤੀ 14.02.2013 ਨੂੰ ਬਾਅਦ ਦੁਪਹਿਰ ਹਾਜ਼ਰ ਹੋਇਆ ਸੀ ਅਤੇ ਉਸਨੂੰ 2 ਸਾਲ ਦੇ ਪਰਖਕਾਲ ਅਧੀਨ ਨਿਯੁਕਤ ਕੀਤਾ ਗਿਆ ਸੀ। ਕਰਮਚਾਰੀ ਦਾ ਪਰਖਕਾਲ ਦਾ ਸਮਾਂ ਮਿਤੀ 14.02.2015 ਨੂੰ ਪੂਰਾ ਹੋ ਚੁੱਕਾ ਹੈ। ਇਸ ਦਾ ਪਰਖਕਾਲ ਸਮਾਂ ਘੋਸ਼ਿਤ ਕਰਨ ਤੋਂ ਪਹਿਲਾਂ ਸਬੰਧਤ ਬਰਾਂਚ ਦੇ ਮੁੱਖੀ ਤੋਂ ਕਰਮਚਾਰੀ ਦੇ ਆਚਰਣ, ਕੰਮ-ਕਾਜ਼, ਚੋਕਸੀ ਵਿਭਾਗ/ ਵਿਭਾਗੀ ਜਾਂਚ ਅਤੇ ਪੈਡਿੰਗ ਇਨਕੁਆਰੀ ਸਬੰਧੀ ਰਿਪੋਰਟ ਅਤੇ ਸਲਾਨਾਂ ਗੁਪਤ ਰਿਪੋਰਟਾਂ ਮੰਗਣ ਤੇ ਰਿਪੋਰਟ ਕੀਤੀ ਗਈ ਹੈ ਕਿ ਇਸ ਕਰਮਚਾਰੀ ਦੀ ਡਿਊਟੀ ਰੈਂਟ ਸ਼ਾਖਾ ਵਿੱਚ ਹੈ। ਇਸਦਾ ਕੰਮ ਤਸੱਲੀਬਖਸ਼ ਹੈ ਅਤੇ ਇਸ ਵਿਰੁੱਧ ਕੋਈ ਵਿਭਾਗੀ ਜਾਂਚ ਜਾਂ ਪੈਡਿੰਗ ਇਨਕੁਆਰੀ ਨਹੀਂ ਹੈ। ਕਰਮਚਾਰੀ ਦਾ ਪਰਖਕਾਲ ਸਮਾਂ ਘੋਸ਼ਿਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ : | **ਸਰਵ-ਸੰਮਤੀ ਨਾਲ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

ਸਬ-ਕਮੇਟੀ ਦੀ ਰਿਪੋਰਟ ਤੇ ਫੈਸਲਾ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| <u>ਮਤਾ ਨੰਬਰ 13:</u> | **ਲੜੀ ਨੰਬਰ 1 ਤੋਂ 7 ਤੱਕ ਸਬ-ਕਮੇਟੀ ਵੱਲੋਂ ਲਏ ਗਏ ਫੈਸਲੇ ਪ੍ਰਵਾਨ ਹਨ।** |

| <u>ਮਤਾ ਨੰਬਰ</u> | **ਸਰਕਾਰ ਦਾ ਫੈਸਲਾ : ਪੱਤਰ ਨੰ: ਸ5-ਡਸਸ-ਮਸਸ-18/27727 ਮਿਤੀ 17.05.2018** |
|---|---|
| <u>13</u> | **ਲੜੀ ਨੰ: 1 : ਗੈਰ ਪ੍ਰਾਂਤੀਕਰਣ ਆਸਾਮੀਆਂ ਦੇ ਸੇਵਾ ਮਾਮਲਿਆਂ ਨੂੰ ਨਜਿੱਠਣ ਸਬੰਧੀ ਨਗਰ ਨਿਗਮ ਸਮੱਰਥ ਅਥਾਰਟੀ ਹੈ, ਸੋ ਇਸ ਮਤੇ ਸਬੰਧੀ ਰੂਲਾਂ/ ਹਦਾਇਤਾਂ/ ਸੀਨੀਅਰਤਾ/ ਰੋਸਟਰ ਆਦਿ ਨੂੰ ਧਿਆਨ ਵਿੱਚ ਰੱਖਦੇ ਹੋਏ ਕਾਰਵਾਈ ਕੀਤੀ ਜਾਵੇ।<br>ਲੜੀ ਨੰ: 2 ਤੋਂ 5 ਸਬੰਧੀ : ਤਰਸ ਦੇ ਆਧਾਰ ਤੇ ਨੋਕਰੀ ਦੇਣ ਸਬੰਧੀ ਵਿਸਥਾਰਪੂਰਵਕ ਤਜਵੀਜ ਭੇਜੀ ਜਾਵੇ।** |

| | |
|---|---|
| | ਲੜੀ ਨੰ: 06 ਸਬੰਧੀ : ਇਸ ਸਬੰਧੀ ਟਿੱਪਣੀ ਦੀ ਲੋੜ ਨਹੀਂ ਹੈ।<br>ਲੜੀ ਨੰ: 07 ਸਬੰਧੀ : ਸਰਕਾਰ ਦੇ ਰੂਲਾਂ/ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ। |

ਸਹੀ/-
**ਮੇਅਰ**
ਨਗਰ ਨਿਗਮ, ਬਠਿੰਡਾ।

ਪਿੱਠ ਅੰਕਣ ਨੰ:                                                                                                                                                ਮਿਤੀ:

ਉਪਰੋਕਤ ਦਾ ਉਤਾਰਾ:

1. ਪੀ.ਏ.ਟੂ ਮੇਅਰ
2. ਪੀ.ਏ. ਟੂ ਕਮਿਸ਼ਨਰ
3. ਸਮੂਹ ਨਿਗਮ ਇੰਜੀਨੀਅਰ/ ਸਹਾਇਕ ਨਿਗਮ ਇੰਜੀਨੀਅਰ
4. ਮਿਉਂਸਪਲ ਟਾਊਨ ਪਲੈਨਰ
5. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
6. ਡਿਪਟੀ ਕੰਟਰੋਲਰ (ਲੋਕਲ ਆਡਿਟ)
7. ਸਮੂਹ ਸੁਪਰਡੈਂਟ
8. ਸਿਹਤ ਅਫਸਰ/ਚੀਫ ਸੈਨਟਰੀ ਇੰਸਪੈਕਟਰ
9. ਸਹਾਇਕ ਮੰਡਲ ਫਾਇਰ ਅਫਸਰ
10. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਮੰਡਲ ਨੰ: 1 ਅਤੇ 2
11. ਸਟੋਰ ਕੀਪਰ

ਪਾਸ ਸੁਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸੁਪਰਡੈਂਟ
ਨਗਰ ਨਿਗਮ,ਬਠਿੰਡਾ।

**ਮਤਾ ਨੰਬਰ** ਪ੍ਰਵਾਨ ਹੈ। ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਜੋ ਵੀ ਮੁਲਾਜ਼ਮ ਆਊਟਸੋਰਸ ਤੇ ਰੱਖਣੇ ਹਨ, ਉਹ ਜੋ ਵੀ ਸਰਵਿਸ ਪ੍ਰੋਵਾਇਡਰ ਕਾਰਪੋਰੇਸ਼ਨ ਪਾਸ ਰਜਿਸਟਰਡ ਹਨ, ਦੋਹਾਂ ਪਾਸੋਂ 50-50 ਵਰਕਰ ਮੰਗ ਲਏ ਜਾਣ ਅਤੇ ਇਹਨਾਂ ਵਿੱਚੋਂ ਯੋਗ ਵਰਕਰ ਰੱਖਣ ਲਈ ਸਬ-ਕਮੇਟੀ ਬਣਾਈ ਜਾਂਦੀ ਹੈ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

1. ਸੁਖਮਿੰਦਰ ਸਿੰਘ
2. ਹਰਪਾਲ ਸਿੰਘ ਢਿੱਲੋਂ
3. ਹਰਜਿੰਦਰ ਸਿੰਘ ਟੋਨੀ
4. ਬਲਜੀਤ ਸਿੰਘ ਸਰਾਂ
5. ਜਗਰਾਜ ਸਿੰਘ
6. ਰਾਜਿੰਦਰ ਸਿੰਘ ਸਿੱਧੂ